# ਮਨੁੱਖੀ ਅਧਿਕਾਰ ਹਿਫ਼ਾਜ਼ਤ ਐਕਟ, 1993

(1994 ਦਾ 10)

[14 ਮਈ, 2002 ਤੱਕ ਸੋਧੇ ਅਨੁਸਾਰ]

[8 ਜਨਵਰੀ, 1994]

**ਮਨੁੱਖੀ ਅਧਿਕਾਰਾਂ ਦੀ ਚੰਗੇਰੀ ਹਿਫਾਜ਼ਤ ਲਈ, ਇੱਕ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਰਾਜਾਂ ਵਿੱਚ ਰਾਜ ਮਨੁੱਖੀ ਅਧਿਕਾਰ ਕਮਿਸ਼ਨਾਂ ਅਤੇ ਮਨੁੱਖੀ ਅਧਿਕਾਰ ਅਦਾਲਤਾਂ ਦੇ ਗਠਨ ਲਈ ਅਤੇ ਉਨ੍ਹਾਂ ਨਾਲ ਤੱਲਕ ਰੱਖਦੇ ਜਾਂ ਉਨ੍ਹਾਂ ਦੇ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਐਕਟ।**

ਭਾਰਤ ਗਣਰਾਜ ਦੇ ਚੁਤਾਲੀਵੇਂ ਸਾਲ ਵਿੱਚ, ਸੰਸਦ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ :-

## ਅਧਿਆਏ I

### ਪ੍ਰਾਰੰਭਕ

ਸੰਖੇਪ ਨਾਂ, ਵਿਸਤਾਰ ਅਤੇ ਅਰੰਭ।

1. (1) ਇਸ ਐਕਟ ਨੂੰ ਮਨੁੱਖੀ ਅਧਿਕਾਰ ਹਿਫ਼ਾਜ਼ਤ ਐਕਟ, 1993 ਕਿਹਾ ਜਾ ਸਕੇਗਾ।

(2) ਇਸ ਦਾ ਵਿਸਤਾਰ ਸਾਰੇ ਭਾਰਤ ਤੇ ਹੈ :

ਪਰੰਤੂ ਇਹ ਜੰਮੂ ਅਤੇ ਕਸ਼ਮੀਰ ਰਾਜ ਨੂੰ ਕੇਵਲ ਉਥੋਂ ਤਕ ਲਾਗੂ ਹੋਵੇਗਾ ਜਿੱਥੇਂ ਤੱਕ ਉਹ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਵਿੱਚ ਸੂਚੀ I ਜਾਂ ਸੂਚੀ III ਵਿੱਚ ਗਿਣੇ ਉਸ ਰਾਜ ਨੂੰ ਲਾਗੂ ਇੰਦਰਾਜਾਂ ਵਿੱਚੋਂ ਕਿਸੇ ਨਾਲ ਸੰਬੰਧਤ ਮਾਮਲਿਆਂ ਨਾਲ ਸੰਬੰਧ ਰੱਖਦਾ ਹੈ।

(3) ਇਹ 28 ਸਤੰਬਰ, 1993 ਨੂੰ ਨਾਫ਼ਜ਼ ਹੋਇਆ ਸਮਝਿਆ ਜਾਵੇਗਾ।

ਪਰਿਭਾਸ਼ਾਵਾਂ।

2. (1) ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰਵੇਂ ਨ ਲੋੜੇ–

(ੳ) ''ਸ਼ਸਤਰਧਾਰੀ ਸੈਨਾਵਾਂ'' ਦਾ ਮਤਲਬ ਹੈ ਸੰਘ ਦੀਆਂ ਜਲ, ਥਲ ਅਤੇ ਹਵਾਈ ਸੈਨਾਵਾਂ ਅਤੇ ਇਸ ਵਿੱਚ ਸੰਘ ਦੀਆਂ ਕੋਈ ਹੋਰ ਸ਼ਸਤਰਧਾਰੀ ਸੈਨਾਵਾਂ ਸ਼ਾਮਲ ਹਨ;

(ਅ) ''ਚੇਅਰਪਰਸਨ'' ਦਾ ਮਤਲਬ ਹੈ ਕਮਿਸ਼ਨ ਦਾ ਜਾਂ ਰਾਜ ਕਮਿਸ਼ਨ ਦਾ, ਜਿਹੀ ਕਿ ਸੂਰਤ ਹੋਵੇ, ਚੇਅਰਪਰਸਨ;

(ੲ) ''ਕਮਿਸ਼ਨ'' ਦਾ ਮਤਲਬ ਹੈ ਧਾਰਾ 3 ਅਧੀਨ ਗੱਠਤ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ;

(ਸ) ''ਮਨੁੱਖੀ ਅਧਿਕਾਰਾਂ'' ਦਾ ਮਤਲਬ ਹੈ ਸੰਵਿਧਾਨ ਦੁਆਰਾ ਗਰੰਟੀ ਕੀਤੇ ਜਾਂ ਅੰਤਰ-ਰਾਸ਼ਟਰੀ ਕਵੇਨੈਂਟਾਂ ਵਿੱਚ ਸਮੋਏ ਅਤੇ ਭਾਰਤ ਵਿੱਚ ਅਦਾਲਤਾਂ ਦੁਆਰਾ ਨਾਫ਼ਜ਼ਕਰਨ ਯੋਗ, ਵਿਅਕਤੀ-ਵਿਸ਼ੇਸ਼ ਦੇ ਜੀਵਨ, ਸੁਤੰਤਰਤਾ, ਸਮਤਾ ਅਤੇ ਗੌਰਵ ਨਾਲ ਸੰਬੰਧਤ ਅਧਿਕਾਰ;

(ਹ) ''ਮਨੁੱਖੀ ਅਧਿਕਾਰ ਅਦਾਲਤ'' ਦਾ ਮਤਲਬ ਹੈ ਧਾਰਾ 30 ਅਧੀਨ ਉਲਿਖੱਤ ਮਨੁੱਖੀ ਅਧਿਕਾਰ ਅਦਾਲਤ;

(ਕ) ''ਅੰਤਰ-ਰਾਸ਼ਟਰੀ ਕਵੇਨੈਂਟ'' ਦਾ ਮਤਲਬ ਹੈ 16 ਦਸੰਬਰ, 1966 ਨੂੰ ਸੰਯੁਕਤ ਰਾਸ਼ਟਰ ਦੀ ਮਹਾਂ ਸਭਾ ਦੁਆਰਾ ਅੰਗੀਕਾਰ ਕੀਤੇ ਸਿਵਲ ਅਤੇ ਰਾਜਨੀਤਕ ਅਧਿਕਾਰਾਂ ਤੇ ਅੰਤਰ-ਰਾਸ਼ਟਰੀ ਕਵੇਨੈਂਟ, ਅਤੇ ਆਰਥਕ, ਸਮਾਜਕ ਅਤੇ ਸਭਿਆਚਾਰਕ ਅਧਿਕਾਰਾਂ ਤੇ ਅੰਤਰ-ਰਾਸ਼ਟਰੀ ਕਵੇਨੈਂਟ;

(ਖ) ''ਮੈਂਬਰ'' ਦਾ ਮਤਲਬ ਹੈ ਕਮਿਸ਼ਨ ਦਾ ਜਾਂ ਰਾਜ ਕਮਿਸ਼ਨ ਦਾ, ਜਿਹੀ ਕਿ ਸੂਰਤ ਹੋਵੇ, ਮੈਂਬਰ ਅਤੇ ਇਸ ਵਿੱਚ ਚੇਅਰਪਰਸਨ ਸ਼ਾਮਲ ਹੈ;

(ਗ) ''ਰਾਸ਼ਟਰੀ ਘੱਟ-ਗਿਣਤੀ ਕਮਿਸ਼ਨ'' ਦਾ ਮਤਲਬ ਹੈ ਰਾਸ਼ਟਰੀ ਘੱਟ-ਗਿਣਤੀ ਕਮਿਸ਼ਨ ਐਕਟ, 1992 ਦੀ ਧਾਰਾ 3 ਅਧੀਨ ਗੱਠਤ ਰਾਸ਼ਟਰੀ ਘੱਟ-ਗਿਣਤੀ ਕਮਿਸ਼ਨ; 1992 ਦਾ 19

(ਘ) ''ਰਾਸ਼ਟਰੀ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲੇ ਕਮਿਸ਼ਨ'' ਦਾ ਮਤਲਬ ਹੈ ਸੰਵਿਧਾਨ ਦੇ ਅਨੁਛੇਦ 338 ਵਿੱਚ ਹਵਾਲਾ ਦਿੱਤਾ ਰਾਸ਼ਟਰੀ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲੇ ਕਮਿਸ਼ਨ;

(ਙ) ''ਰਾਸ਼ਟਰੀ ਮਹਿਲਾ ਕਮਿਸ਼ਨ'' ਦਾ ਮਤਲਬ ਹੈ ਰਾਸ਼ਟਰੀ ਮਹਿਲਾ ਕਮਿਸ਼ਨ ਐਕਟ, 1990 ਦੀ ਧਾਰਾ 3 ਅਧੀਨ ਗੱਠਤ ਰਾਸ਼ਟਰੀ ਮਹਿਲਾ ਕਮਿਸ਼ਨ; 1990 ਦਾ 20

(ਚ) ''ਅਧਿਸੂਚਨਾ'' ਦਾ ਮਤਲਬ ਹੈ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਅਧਿਸੂਚਨਾ;

(ਛ) ''ਮੁਕੱਰਰ'' ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਨਿਯਮਾਂ ਦੁਆਰਾ ਮੁਕੱਰਰ;

(ਜ) ''ਲੋਕ ਸੇਵਕ'' ਦਾ ਉਹੀ ਮਤਲਬ ਹੋਵੇਗਾ ਜੋ ਭਾਰਤੀ ਦੰਡ ਸੰਘਤਾ ਦੀ ਧਾਰਾ 21 ਵਿੱਚ ਉਸ ਨੂੰ ਦਿੱਤਾ ਗਿਆ ਹੈ; 1860 ਦਾ 45

(ਝ) ''ਰਾਜ ਕਮਿਸ਼ਨ'' ਦਾ ਮਤਲਬ ਹੈ ਧਾਰਾ 21 ਅਧੀਨ ਗੱਠਤ ਰਾਜ ਮਨੁੱਖੀ ਅਧਿਕਾਰ ਕਮਿਸ਼ਨ;

(2) ਇਸ ਐਕਟ ਵਿੱਚ, ਕਿਸੇ ਅਜਿਹੇ ਕਾਨੂੰਨ ਪ੍ਰਤੀ ਹਵਾਲੇ ਦਾ ਅਰਥ, ਜੋ ਜੰਮੂ ਅਤੇ ਕਸ਼ਮੀਰ ਰਾਜ ਵਿੱਚ ਨਾਫ਼ਜ਼ ਨਹੀ ਹੈ, ਅਜਿਹੇ ਰਾਜ ਦੇ ਸੰਬੰਧ ਵਿੱਚ, ਉਸ ਰਾਜ ਵਿੱਚ ਨਾਫ਼ਜ਼ ਕਿਸੇ ਤੱਤਸਥਾਨੀ ਕਾਨੂੰਨ, ਜੇ ਕੋਈ ਹੋਵੇ, ਪ੍ਰਤੀ ਹਵਾਲੇ ਵਜੋਂ ਕੀਤਾ ਜਾਵੇਗਾ।

## ਅਧਿਆਏ II

## ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ

ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦਾ ਗਠਨ।

3. (1) ਕੇਂਦਰੀ ਸਰਕਾਰ ਇਕ ਬੌਡੀ ਗੱਠਤ ਕਰੇਗੀ ਜੋ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਨਾਂ ਨਾਲ ਜਾਣੀ ਜਾਵੇਗੀ ਅਤੇ ਉਹ ਇਸ ਐਕਟ ਅਧੀਨ ਉਸ ਨੂੰ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਕਰੇਗੀ ਅਤੇ ਉਸਨੂੰ ਸੌਂਪੇ ਕਾਜਕਾਰ ਕਰੇਗੀ।

(2) ਕਮਿਸ਼ਨ ਹੇਠ-ਲਿਖਿਆਂ ਤੋਂ ਮਿਲਕੇ ਬਣੇਗਾ, ਅਰਥਾਤ :-

(ੳ) ਇਕ ਚੇਅਰਪਰਸਨ, ਜੋ ਸਰਵ-ਉੱਚ ਅਦਾਲਤ ਦਾ ਚੀਫ਼ ਜਸਟਿਸ ਰਿਹਾ ਹੋਵੇ;

(ਅ) ਇਕ ਮੈਂਬਰ, ਜੋ ਸਰਵ-ਉੱਚ ਅਦਾਲਤ ਦਾ ਜੱਜ ਹੈ ਜਾਂ ਰਿਹਾ ਹੋਵੇ;

(ਏ) ਇਕ ਮੈਂਬਰ, ਜੋ ਕਿਸੇ ਉੱਚ-ਅਦਾਲਤ ਦਾ ਚੀਫ਼ ਜਸਟਿਸ ਹੈ ਜਾਂ ਰਿਹਾ ਹੋਵੇ;

(ਸ) ਦੋ ਮੈਂਬਰ, ਜੋ ਅਜਿਹੇ ਵਿਅਕਤੀਆਂ ਵਿੱਚੋਂ ਨਿਯੁਕਤ ਕੀਤੇ ਜਾਣਗੇ ਜਿਨ੍ਹਾਂ ਨੂੰ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਮਾਮਲਿਆਂ ਦਾ ਗਿਆਨ ਜਾਂ ਅਮਲੀ ਤਜਰਬਾ ਹੋਵੇ।

(3) ਰਾਸ਼ਟਰੀ ਘੱਟ-ਗਿਣਤੀ ਕਮਿਸ਼ਨ, ਰਾਸ਼ਟਰੀ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲੇ ਕਮਿਸ਼ਨ ਅਤੇ ਰਾਸ਼ਟਰੀ ਮਹਿਲਾ ਕਮਿਸ਼ਨ ਦੇ ਚੇਅਰਪਰਸਨ, ਧਾਰਾ 12 ਦੇ ਖੰਡ (ਅ) ਤੋਂ (ਙ) ਵਿੱਚ ਉਲਿੱਖਤ ਕਾਜਕਾਰ ਨਿਭਾਉਣ ਲਈ, ਕਮਿਸ਼ਨ ਦੇ ਮੈਂਬਰ ਸਮਝੇ ਜਾਣਗੇ।

(4) ਇਕ ਸਕੱਤਰ-ਜਨਰਲ ਹੋਵੇਗਾ ਜੋ ਕਮਿਸ਼ਨ ਦਾ ਮੁੱਖ ਕਾਰਜਕਾਰੀ ਅਫ਼ਸਰ ਹੋਵੇਗਾ ਅਤੇ ਜੋ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਕਾਜਕਾਰ ਨਿਭਾਏਗਾ ਜੋ ਉਸ ਨੂੰ ਸੌਂਪੇ ਜਾਣ।

(5) ਕਮਿਸ਼ਨ ਦਾ ਸਦਰ-ਮੁਕਾਮ ਦਿੱਲੀ ਵਿਖੇ ਹੋਵੇਗਾ ਅਤੇ ਕਮਿਸ਼ਨ, ਕੇਂਦਰੀ ਸਰਕਾਰ ਦੀ ਪੂਰਵ ਪਰਵਾਨਗੀ ਨਾਲ, ਭਾਰਤ ਵਿੱਚ ਹੋਰ ਸਥਾਨਾਂ ਵਿਖੇ ਦਫ਼ਤਰ ਸਥਾਪਤ ਕਰ ਸਕੇਗਾ।

ਚੇਅਰਪਰਸਨ ਅਤੇ ਹੋਰ ਮੈਂਬਰਾਂ ਦੀ ਨਿਯੁਕਤੀ।

4. (1) ਚੇਅਰਪਰਸਨ ਅਤੇ ਹੋਰ ਮੈਂਬਰਾਂ ਨੂੰ ਰਾਸ਼ਟਰਪਤੀ ਆਪਣੇ ਦਸਖ਼ਤ ਅਤੇ ਮੁਹਰ ਨਾਲ ਵਰੰਟ ਦੁਆਰਾ ਨਿਯੁਕਤ ਕਰੇਗਾ:

ਪਰੰਤੂ ਇਸ ਉਪ-ਧਾਰਾ ਅਧੀਨ ਹਰਿਕ ਦੀ ਨਿਯੁਕਤੀ, ਹੇਠ-ਲਿਖਿਆ ਤੋਂ ਮਿਲਕੇ ਬਣੀ ਇਕ ਕਮੇਟੀ ਦੀਆਂ ਸਿਫ਼ਾਰਸ਼ਾਂ ਹਾਸਲ ਕਰਨ ਤੋਂ ਪਿੱਛੋਂ, ਕੀਤੀ ਜਾਵੇਗੀ, ਅਰਥਾਤ:-

(ੳ) ਪ੍ਰਧਾਨ ਮੰਤਰੀ - ਚੇਅਰਪਰਸਨ;

(ਅ) ਲੋਕ ਸਭਾ ਦਾ ਸਪੀਕਰ - ਮੈਂਬਰ;

(ੲ) ਭਾਰਤ ਸਰਕਾਰ ਦੇ ਗ੍ਰਹਿ ਕਾਰ-ਵਿਹਾਰ ਦੇ ਮੰਤਰਾਲੇ ਦਾ ਇਨਚਾਰਜ ਮੰਤਰੀ - ਮੈਂਬਰ;

(ਸ) ਲੋਕ ਸਭਾ ਵਿੱਚ ਵਿਰੋਧੀ ਧਿਰ ਦਾ ਨੇਤਾ - ਮੈਂਬਰ;

(ਹ) ਰਾਜ ਸਭਾ ਵਿੱਚ ਵਿਰੋਧੀ ਧਿਰ ਦਾ ਨੇਤਾ - ਮੈਂਬਰ;

(ਕ) ਰਾਜ ਸਭਾ ਦਾ ਡਿਪਟੀ ਚੇਅਰਮੈਨ - ਮੈਂਬਰ:

ਪਰੰਤੂ ਇਹ ਹੋਰ ਕਿ ਸਰਵ-ਉੱਚ ਅਦਾਲਤ ਦਾ ਕੋਈ ਵਰਤਮਾਨ ਜੱਜ ਜਾਂ ਕਿਸੇ ਉੱਚ ਅਦਾਲਤ ਦਾ ਵਰਤਮਾਨ ਚੀਫ਼ ਜਸਟਿਸ ਭਾਰਤ ਦੇ ਚੀਫ਼ ਜਸਟਿਸ ਨਾਲ ਮਸ਼ਵਰਾ ਕਰਨ ਤੋਂ ਪਿੱਛੋਂ ਹੀ ਨਿਯੁਕਤ ਕੀਤਾ ਜਾਵੇਗਾ, ਹੋਰਵੇਂ ਨਹੀਂ।

(2) ਕਿਸੇ ਚੇਅਰਪਰਸਨ ਜਾਂ ਕਿਸੇ ਮੈਂਬਰ ਦੀ ਨਿਯੁਕਤੀ, ਕਮੇਟੀ ਵਿੱਚ ਨਿਰ੍ਹਾ ਕਿਸੇ ਖਾਲੀ ਥਾਂ ਕਾਰਨ, ਨਾਜਾਇਜ਼ ਨਹੀਂ ਹੋਵੇਗੀ।

ਕਮਿਸ਼ਨ ਦੇ ਕਿਸੇ ਮੈਂਬਰ ਦਾ ਹਟਾਇਆ ਜਾਣਾ।

5. (1) ਉਪ-ਧਾਰਾ (2) ਦੇ ਉਪਬੰਧਾਂ ਦੇ ਤਾਬੇ, ਕਮਿਸ਼ਨ ਦਾ ਚੇਅਰਪਰਸਨ ਜਾਂ ਕੋਈ ਹੋਰ ਮੈਂਬਰ ਆਪਣੇ ਅਹੁਦੇ ਤੋਂ ਕੇਵਲ ਸਾਬਤ ਹੋਏ ਕਦਾਚਾਰ ਜਾਂ ਅਸਮਰਥਾ ਦੇ ਆਧਾਰ ਤੇ ਰਾਸ਼ਟਰਪਤੀ ਦੇ ਅਜਿਹੇ ਹੁਕਮ ਦੁਆਰਾ ਹੀ ਹਟਾਇਆ ਜਾਵੇਗਾ, ਜੋ ਸਰਵ-ਉੱਚ ਅਦਾਲਤ ਨੂੰ ਰਾਸ਼ਟਰਪਤੀ ਦੁਆਰਾ ਹਵਾਲਾ ਕੀਤੇ ਜਾਣ ਤੇ, ਸਰਵਉੱਚ ਅਦਾਲਤ ਦੁਆਰਾ ਉਸ ਨਮਿੱਤ ਮੁਕੱਰਰ ਜ਼ਾਬਤੇ ਦੀ ਅਨੁਸਾਰਤਾ ਵਿੱਚ ਕੀਤੀ ਗਈ

ਜਾਂਚ ਤੇ, ਉਸ ਅਦਾਲਤ ਦੀ ਇਸ ਰਿਪੋਟ ਪਿੱਛੋਂ ਦਿੱਤਾ ਗਿਆ ਹੋਵੇ ਕਿ ਚੇਅਰਪਰਸਨ ਜਾਂ ਕਿਸੇ ਹੋਰ ਮੈਂਬਰ ਨੂੰ, ਜਿਹੀ ਕਿ ਸੂਰਤ ਹੋਵੇ, ਅਜਿਹੇ ਕਿਸੇ ਆਧਾਰ ਤੇ ਹਟਾ ਦਿੱਤਾ ਜਾਵੇ।

(2) ਉਪ-ਧਾਰਾ (1) ਵਿੱਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਸ਼ਟਰਪਤੀ ਹੁਕਮ ਦੁਆਰਾ ਚੇਅਰਪਰਸਨ ਜਾਂ ਕਿਸੇ ਹੋਰ ਮੈਂਬਰ ਨੂੰ ਅਹੁਦੇ ਤੋਂ ਹਟਾ ਸਕੇਗਾ ਜੇ ਉਹ ਚੇਅਰਪਰਸਨ ਜਾਂ ਅਜਿਹਾ ਹੋਰ ਮੈਂਬਰ, ਜਿਹੀ ਕਿ ਸੂਰਤ ਹੋਵੇ,—

(ੳ) ਦੀਵਾਲੀਆ ਨਿਆਂ-ਨਿਰਣਿਤ ਹੋ ਜਾਵੇ; ਜਾਂ

(ਅ) ਆਪਣੇ ਅਹੁਦੇ ਦੀ ਅਉਧ ਦੌਰਾਨ ਆਪਣੇ ਅਹੁਦੇ ਦੇ ਕਰਤੱਵਾਂ ਤੋਂ ਬਾਹਰ ਕਿਸੇ ਵੇਤਨਕ ਨਿਯੋਜਨ ਵਿੱਚ ਲੱਗ ਜਾਵੇ; ਜਾਂ

(ੲ) ਮਾਨਸਿਕ ਜਾਂ ਸਰੀਰਕ ਦੁਰਬਲਤਾ ਦੇ ਕਾਰਨ ਆਪਣੇ ਅਹੁਦੇ ਤੇ ਕਾਇਮ ਰਹਿਣ ਦੇ ਅਯੋਗ ਹੋਵੇ; ਜਾਂ

(ਸ) ਉਹ ਵਿਗੜ-ਚਿੱਤ ਹੋਵੇ ਅਤੇ ਸ਼ਕਤਵਾਨ ਅਦਾਲਤ ਨੇ ਉਸ ਨੂੰ ਅਜਿਹਾ ਐਲਾਨ ਰੱਖਿਆ ਹੋਵੇ; ਜਾਂ

(ਹ) ਉਹ ਕਿਸੇ ਅਜਿਹੇ ਅਪਰਾਧ ਲਈ ਸਿੱਧਦੋਸ਼ ਠਹਿਰਾਇਆ ਗਿਆ ਹੋਵੇ ਅਤੇ ਉਸਨੂੰ ਕੈਦ ਦਾ ਦੰਡ ਦਿੱਤਾ ਗਿਆ ਹੋਵੇ ਜੋ ਰਾਸ਼ਟਰਪਤੀ ਦੀ ਰਾਏ ਵਿੱਚ ਸਦਾਚਾਰਕ ਗਿਰਾਵਟ ਵਾਲਾ ਹੋਵੇ।

ਮੈਂਬਰਾਂ ਦੇ ਅਹੁਦੇ ਦੀ ਅਉਧ।

6. (1) ਕੋਈ ਵਿਅਕਤੀ, ਜੋ ਚੇਅਰਪਰਸਨ ਵਜੋਂ ਨਿਯੁਕਤ ਕੀਤਾ ਜਾਂਦਾ ਹੈ, ਆਪਣਾ ਅਹੁਦਾ ਸੰਭਾਲਣ ਦੀ ਤਰੀਕ ਤੋਂ ਪੰਜ ਸਾਲ ਦੀ ਅਉਧ ਤੱਕ ਜਾਂ ਜਦ ਤੱਕ ਉਹ ਸੱਤਰ ਸਾਲ ਦੀ ਉਮਰ ਪ੍ਰਾਪਤ ਨ ਕਰ ਲਵੇ, ਇਨ੍ਹਾਂ ਵਿੱਚੋਂ ਜੋ ਵੀ ਪਹਿਲਾਂ ਹੋਵੇ, ਆਪਣਾ ਅਹੁਦਾ ਧਾਰਨ ਕਰੇਗਾ।

(2) ਕੋਈ ਵਿਅਕਤੀ, ਜੋ ਮੈਂਬਰ ਵਜੋਂ ਨਿਯੁਕਤ ਕੀਤਾ ਜਾਂਦਾ ਹੈ, ਆਪਣਾ ਅਹੁਦਾ ਸੰਭਾਲਣ ਦੀ ਤਰੀਕ ਤੋਂ ਪੰਜ ਸਾਲ ਦੀ ਅਉਧ ਤੱਕ ਆਪਣਾ ਅਹੁਦਾ ਧਾਰਨ ਕਰੇਗਾ ਅਤੇ ਪੰਜ ਸਾਲ ਦੀ ਇਕ ਹੋਰ ਅਉਧ ਲਈ ਮੁੜ-ਨਿਯੁਕਤੀ ਦਾ ਪਾਤਰ ਹੋਵੇਗਾ:

ਪਰੰਤੂ ਕੋਈ ਮੈਂਬਰ ਸੱਤਰ ਸਾਲ ਦੀ ਉਮਰ ਪ੍ਰਾਪਤ ਕਰ ਲੈਣ ਪਿੱਛੋਂ ਅਹੁਦਾ ਧਾਰਨ ਨਹੀ ਕਰੇਗਾ।

(3) ਅਹੁਦੇ ਤੇ ਨ ਰਹਿਣ ਤੇ, ਚੇਅਰਪਰਸਨ ਜਾਂ ਕੋਈ ਮੈਂਬਰ, ਭਾਰਤ ਸਰਕਾਰ ਅਧੀਨ ਜਾਂ ਕਿਸੇ ਰਾਜ ਸਰਕਾਰ ਅਧੀਨ ਹੋਰ ਨਿਯੋਜਨ ਲਈ ਅਪਾਤਰ ਹੋਵੇਗਾ।

ਮੈਂਬਰ ਦਾ ਚੇਅਰਪਰਸਨ ਵਜੋਂ ਕਾਰਜ ਕਰਨਾ ਜਾਂ ਕੁਝ ਕੁ ਹਾਲਾਤ ਵਿੱਚ ਉਸਦੇ ਕਾਜਕਾਰ ਨਿਭਾਉਣਾ।

7. (1) ਚੇਅਰਪਰਸਨ ਦੀ ਮੌਤ, ਅਸਤੀਫ਼ੇ ਕਾਰਨ ਜਾਂ ਹੋਰਵੇਂ, ਉਸ ਦੇ ਅਹੁਦੇ ਦੀ ਥਾਂ ਖ਼ਾਲੀ ਹੋਣ ਦੀ ਹਾਲਤ ਵਿੱਚ, ਰਾਸ਼ਟਰਪਤੀ, ਅਧਿਸੂਚਨਾ ਦੁਆਰਾ, ਅਜਿਹੀ ਖ਼ਾਲੀ ਥਾਂ ਨੂੰ ਭਰਨ ਲਈ ਕਿਸੇ ਨਵੇਂ ਚੇਅਰਪਰਸਨ ਦੀ ਨਿਯੁਕਤੀ ਤੱਕ, ਮੈਂਬਰਾਂ ਵਿੱਚੋਂ ਕਿਸੇ ਨੂੰ ਚੇਅਰਪਰਸਨ ਵਜੋਂ ਕਾਰਜ ਕਰਨ ਲਈ ਅਖ਼ਤਿਆਰਤ ਕਰ ਸਕੇਗਾ।

(2) ਜਦ ਚੇਅਰਪਰਸਨ, ਛੁੱਟੀ ਲੈ ਕੇ ਗ਼ੈਰ-ਹਾਜ਼ਰ ਹੋਣ ਕਾਰਨ ਜਾਂ ਹੋਰਵੇਂ ਆਪਣੇ ਕਾਜਕਾਰ ਨਿਭਾਉਣ ਵਿੱਚ ਅਸਮਰਥ ਹੋਵੇ, ਤਦ ਮੈਂਬਰਾਂ ਵਿੱਚੋਂ ਅਜਿਹਾ ਕੋਈ ਮੈਂਬਰ, ਜਿਸ ਨੂੰ ਰਾਸ਼ਟਰਪਤੀ, ਅਧਿਸੂਚਨਾ ਦੁਆਰਾ, ਇਸ ਨਮਿੱਤ ਅਖ਼ਤਿਆਰਤ ਕਰੇ, ਚੇਅਰਪਰਸਨ ਦੇ ਕਾਜਕਾਰ ਉਸ ਤਰੀਕ ਤੱਕ ਨਿਭਾਵੇਗਾ ਜਿਸ ਨੂੰ ਚੇਅਰਪਰਸਨ ਆਪਣੇ ਕਰਤੱਵ ਮੁੜ-ਸੰਭਾਲ ਲਵੇ।

ਮੈਂਬਰਾਂ ਦੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ।

8. ਮੈਂਬਰਾਂ ਨੂੰ ਅਦਾਇਗੀਯੋਗ ਤਨਖ਼ਾਹਾਂ ਅਤੇ ਭੱਤੇ ਅਤੇ ਉਨ੍ਹਾਂ ਦੀ ਸੇਵਾ ਦੇ ਹੋਰ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ ਜੋ ਮੁਕੱਰਰ ਕੀਤੀਆਂ ਜਾਣ :

ਪਰੰਤੂ ਮੈਂਬਰਾਂ ਦੀ ਨ ਤਾਂ ਤਨਖ਼ਾਹ ਅਤੇ ਭੱਤਿਆਂ ਵਿੱਚ ਅਤੇ ਨ ਉਨ੍ਹਾਂ ਦੀ ਸੇਵਾ ਦੇ ਹੋਰ ਨਿਬੰਧਨਾਂ ਅਤੇ ਸ਼ਰਤਾਂ ਵਿੱਚ, ਉਸ ਦੀ ਨਿਯੁਕਤੀ ਪਿੱਛੋਂ ਉਸ ਲਈ ਅਲਾਭਕਾਰੀ ਅਦਲ-ਬਦਲ ਕੀਤੀ ਜਾਵੇਗੀ।

ਖ਼ਾਲੀ ਥਾਵਾਂ ਆਦਿ ਦਾ ਕਮਿਸ਼ਨ ਦੀਆਂ ਕਾਰਵਾਈਆਂ ਨੂੰ ਨਜਾਇਜ਼ ਨ ਕਰਨਾ।

9. ਕਮਿਸ਼ਨ ਦੇ ਕਿਸੇ ਕਾਰਜ ਜਾਂ ਕਾਰਵਾਈ ਤੇ, ਕਮਿਸ਼ਨ ਵਿੱਚ ਨਿਰਾ ਕਿਸੇ ਥਾਂ ਤੇ ਖ਼ਾਲੀ ਹੋਣ ਜਾਂ ਉਸ ਦੇ ਗਠਨ ਵਿੱਚ ਕਿਸੇ ਨੁਕਸ ਦੇ ਆਧਾਰ ਤੇ ਹੀ ਉਜ਼ਰ ਨਹੀਂ ਕੀਤਾ ਜਾਵੇਗਾ ਜਾਂ ਉਹ ਨਜਾਇਜ਼ ਨਹੀਂ ਹੋਵੇਗੀ।

ਜ਼ਾਬਤੇ ਦਾ ਕਮਿਸ਼ਨ ਦੁਆਰਾ ਵਿਨਿਯਮਤ ਕੀਤਾ ਜਾਣਾ।

10. (1) ਕਮਿਸ਼ਨ, ਅਜਿਹੇ ਸਮੇਂ ਅਤੇ ਸਥਾਨ ਵਿਖੇ ਆਪਣੀ ਇਕੱਤਰਤਾ ਕਰੇਗਾ ਜੋ ਚੇਅਰਪਰਸਨ ਠੀਕ ਸਮਝੇ।

(2) ਕਮਿਸ਼ਨ ਆਪਣਾ ਜ਼ਾਬਤਾ ਆਪ ਵਿਨਿਯਮਤ ਕਰੇਗਾ।

(3) ਕਮਿਸ਼ਨ ਦੇ ਸਭ ਹੁਕਮ ਅਤੇ ਫ਼ੈਸਲੇ, ਸਕੱਤਰ-ਜਨਰਲ ਜਾਂ ਚੇਅਰਪਰਸਨ ਦੁਆਰਾ ਇਸ ਨਮਿੱਤ ਠੀਕ ਤੌਰ ਤੇ ਅਖ਼ਤਿਆਰਤ ਕਮਿਸ਼ਨ ਦੇ ਕਿਸੇ ਹੋਰ ਅਫ਼ਸਰ ਦੁਆਰਾ ਪ੍ਰਮਾਣੀਕ ਕੀਤੇ ਜਾਣਗੇ।

ਕਮਿਸ਼ਨ ਦੇ ਅਫ਼ਸਰ ਅਤੇ ਹੋਰ ਅਮਲਾ।

11. (1) ਕੇਂਦਰੀ ਸਰਕਾਰ, ਕਮਿਸ਼ਨ ਨੂੰ ਹੇਠ-ਲਿਖੇ ਉਪਲੱਬਧ ਕਰਵਾਏਗੀ, ਅਰਥਾਤ :-

(ੳ) ਭਾਰਤ ਸਰਕਾਰ ਦੇ ਸਕੱਤਰ ਦੇ ਰੈਂਕ ਦਾ ਇੱਕ ਅਫ਼ਸਰ ਜੋ ਕਮਿਸ਼ਨ ਦਾ ਸਕੱਤਰ-ਜਨਰਲ ਹੋਵੇਗਾ; ਅਤੇ

(ਅ) ਅਜਿਹੇ ਅਫ਼ਸਰ ਅਧੀਨ, ਜਿਸ ਦਾ ਰੈਂਕ ਪੁਲਿਸ ਦੇ ਡਾਇਰੈਕਟਰ-ਜਨਰਲ ਤੋਂ ਥੱਲੇ ਦਾ ਨ ਹੋਵੇ ਅਜਿਹਾ ਪੁਲਿਸ ਅਤੇ ਤਫ਼ਤੀਸ਼ੀ ਅਮਲਾ ਅਤੇ ਅਜਿਹੇ ਹੋਰ ਅਫ਼ਸਰ ਅਤੇ ਅਮਲਾ ਜੋ ਕਮਿਸ਼ਨ ਦੇ ਕਾਜਕਾਰ ਕੁਸ਼ਲਤਾ ਨਾਲ ਨਿਭਾਉਣ ਲਈ ਜ਼ਰੂਰੀ ਹੋਵੇ।

(2) ਅਜਿਹੇ ਨਿਯਮਾਂ ਦੇ ਤਾਬੇ, ਜੋ ਕੇਂਦਰੀ ਸਰਕਾਰ ਦੁਆਰਾ ਇਸ ਨਮਿੱਤ ਬਣਾਏ ਜਾਣ, ਕਮਿਸ਼ਨ, ਅਜਿਹਾ ਹੋਰ ਪ੍ਰਸ਼ਾਸਨਿਕ, ਤਕਨੀਕੀ ਅਤੇ ਵਿਗਿਆਨਕ ਅਮਲਾ ਨਿਯੁਕਤ ਕਰ ਸਕੇਗਾ ਜੋ ਉਹ ਜ਼ਰੂਰੀ ਸਮਝੇ।

(3) ਉਪ-ਧਾਰਾ (2) ਅਧੀਨ ਨਿਯੁਕਤ ਅਫ਼ਸਰਾਂ ਅਤੇ ਹੋਰ ਅਮਲੇ ਦੀ ਤਨਖ਼ਾਹ, ਭੱਤੇ ਅਤੇ ਸੇਵਾ ਦੀਆਂ ਸ਼ਰਤਾਂ ਅਜਿਹੀਆਂ ਹੋਣਗੀਆਂ ਜੋ ਮੁਕੱਰਰ ਕੀਤੀਆਂ ਜਾਣ।

## ਅਧਿਆਏ III

## ਕਮਿਸ਼ਨ ਦੇ ਕਾਜਕਾਰ ਅਤੇ ਸ਼ਕਤੀਆਂ

ਕਮਿਸ਼ਨ ਦੇ ਕਾਜਕਾਰ।

12. ਕਮਿਸ਼ਨ, ਹੇਠ-ਲਿਖੇ ਸਭ ਜਾਂ ਉਨ੍ਹਾਂ ਵਿੱਚੋਂ ਕਿਸੇ ਕਾਜਕਾਰ ਦਾ ਪਾਲਣ ਕਰੇਗਾ, ਅਰਥਾਤ :-

(ੳ) ਸਵੈ-ਪ੍ਰੇਰਨਾ ਤੇ ਜਾਂ ਕਿਸੇ ਪੀੜਤ ਵਿਅਕਤੀ ਦੁਆਰਾ ਜਾਂ ਉਸ ਦੇ ਨਮਿੱਤ ਕਿਸੇ ਵਿਅਕਤੀ ਦੁਆਰਾ ਉਸਨੂੰ ਪੇਸ਼ ਕੀਤੀ ਅਰਜ਼ੀ ਤੇ—

(i) ਮਨੁੱਖੀ ਅਧਿਕਾਰਾਂ ਦੀ ਕਿਸੇ ਲੋਕ ਸੇਵਕ ਦੁਆਰਾ ਖ਼ਿਲਾਫ਼ਵਰਜ਼ੀ ਜਾਂ ਉਸ ਦੀ ਸ਼ਹਿ ਦਿੱਤੇ ਜਾਣ ਦੀ; ਜਾਂ

(ii) ਅਜਿਹੀ ਖ਼ਿਲਾਫ਼ਵਰਜ਼ੀ ਦੇ ਨਿਵਾਰਣ ਵਿੱਚ ਕਿਸੇ ਲੋਕ ਸੇਵਕ ਦੁਆਰਾ ਕੀਤੀ ਅਣਗਹਿਲੀ ਦੀ,

ਸ਼ਿਕਾਇਤ ਬਾਰੇ ਜਾਂਚ ਕਰਨਾ;

(ਅ) ਕਿਸੇ ਅਦਾਲਤ ਅੱਗੇ ਲੰਬਤ ਕਿਸੇ ਕਾਰਵਾਈ ਵਿੱਚ ਜਿਸ ਵਿੱਚ ਮਨੁੱਖੀ ਅਧਿਕਾਰਾਂ ਦੀ ਖ਼ਿਲਾਫ਼ਵਰਜ਼ੀ ਦਾ ਕੋਈ ਦੂਸ਼ਣ ਪਲਿਚਿਆ ਹੈ, ਉਸ ਅਦਾਲਤ ਦੀ ਪਰਵਾਨਗੀ ਨਾਲ ਮੁਦਾਖ਼ਲਤ ਕਰਨਾ;

(ੲ) ਰਾਜ ਸਰਕਾਰ ਨੂੰ ਇਤਲਾਹ ਦੇ ਕੇ, ਰਾਜ ਸਰਕਾਰ ਦੇ ਕੰਟਰੋਲ ਅਧੀਨ ਕਿਸੇ ਜੇਲ੍ਹ ਜਾਂ ਕਿਸੇ ਹੋਰ ਸੰਸਥਾ ਦਾ, ਜਿੱਥੇ ਵਿਅਕਤੀ ਇਲਾਜ, ਸੁਧਾਰ ਜਾਂ ਹਿਫ਼ਾਜ਼ਤ ਦੇ ਪ੍ਰਯੋਜਨਾਂ ਲਈ ਹਿਰਾਸਤ ਵਿੱਚ ਜਾਂ ਦਾਖ਼ਲ ਕੀਤੇ ਜਾਂਦੇ ਹਨ, ਉਥੋਂ ਦੇ ਵਾਸੀਆਂ ਦੇ ਜੀਵਨ ਦੀਆਂ ਹਾਲਤਾਂ ਦਾ ਅਧਿਐਨ ਕਰਨ ਲਈ ਨਿਰੀਖਣ ਕਰਨਾ ਅਤੇ ਉਨ੍ਹਾਂ ਤੇ ਸਿਫ਼ਾਰਸ਼ਾਂ ਕਰਨਾ;

(ਸ) ਮਨੁੱਖੀ ਅਧਿਕਾਰਾਂ ਦੀ ਹਿਫ਼ਾਜ਼ਤ ਲਈ, ਸੰਵਿਧਾਨ ਜਾਂ ਤੱਤ ਸਮੇਂ ਨਾਫ਼ਜ਼ ਕਿਸੇ ਕਾਨੂੰਨ ਦੁਆਰਾ ਜਾਂ ਉਸ ਅਧੀਨ ਉਪਬੰਧਤ ਸੁਰੱਖਿਆ-ਉਪਾਵਾਂ ਦੀ ਨਜ਼ਰਸਾਨੀ ਕਰਨਾ ਅਤੇ ਉਨ੍ਹਾਂ ਦੇ ਪ੍ਰਭਾਵਕ ਪਰਿਪਾਲਣ ਲਈ ਉਪਾਵਾਂ ਦੀ ਸਿਫ਼ਾਰਸ਼ ਕਰਨਾ;

(ਹ) ਅਜਿਹੀਆਂ ਗੱਲਾਂ ਦੀ, ਜਿਸ ਵਿੱਚ ਆਤੰਕਵਾਦ ਦੇ ਕਾਰਜ ਸ਼ਾਮਲ ਹਨ, ਜੋ ਮਨੁੱਖੀ ਅਧਿਕਾਰਾਂ ਦੇ ਉਪਭੋਗ ਵਿੱਚ ਵਿਘਨ ਪਾਉਂਦੀਆਂ ਹਨ, ਨਜ਼ਰਸਾਨੀ ਕਰਨਾ ਅਤੇ ਮੁਨਾਸਬ ਉਪਚਾਰੀ ਉਪਾਵਾਂ ਦੀ ਸਿਫ਼ਾਰਸ਼ ਕਰਨਾ;

(ਕ) ਮਨੁੱਖੀ ਅਧਿਕਾਰਾਂ ਨਾਲ ਸਬੰਧਤ ਸੰਧੀਆਂ ਅਤੇ ਹੋਰ ਅੰਤਰ-ਰਾਸ਼ਟਰੀ ਲਿਖਤਾਂ ਦਾ ਅਧਿਐਨ ਕਰਨਾ ਅਤੇ ਉਨ੍ਹਾਂ ਦੇ ਪ੍ਰਭਾਵਕ ਪਰਿਪਾਲਣ ਲਈ ਸਿਫ਼ਾਰਸ਼ਾਂ ਕਰਨਾ;

(ਖ) ਮਨੁੱਖੀ ਅਧਿਕਾਰਾਂ ਦੇ ਖੇਤਰ ਵਿੱਚ ਖੋਜ ਕਰਨਾ ਅਤੇ ਉਸਨੂੰ ਬੜ੍ਹਾਵਾ ਦੇਣਾ;

(ਗ) ਸਮਾਜ ਦੇ ਭਿੰਨ ਭਿੰਨ ਅਨੁਭਾਗਾਂ ਵਿੱਚ ਮਨੁੱਖੀ ਅਧਿਕਾਰਾਂ ਸੰਬੰਧੀ ਜਾਣਕਾਰੀ ਦਾ ਪਸਾਰ ਕਰਨਾ ਅਤੇ ਪ੍ਰਕਾਸ਼ਨਾਵਾਂ, ਸੰਚਾਰ ਮਾਧਿਅਮਾਂ, ਵਿਚਾਰ ਗੋਸ਼ਠੀਆਂ ਅਤੇ ਹੋਰ ਉਪਲੱਬਧ ਸਾਧਨਾਂ ਰਾਹੀਂ ਉਨ੍ਹਾਂ ਅਧਿਕਾਰਾਂ ਦੀ ਹਿਫ਼ਾਜ਼ਤ ਲਈ ਉਪਲੱਬਧ ਸੁਰੱਖਿਆ-ਉਪਾਵਾਂ ਪ੍ਰਤੀ ਜਾਗਰੂਕਤਾ ਨੂੰ ਬੜ੍ਹਾਵਾ ਦੇਣਾ;

(ਘ) ਮਨੁੱਖੀ ਅਧਿਕਾਰਾਂ ਦੇ ਖੇਤਰ ਵਿੱਚ ਕੰਮ ਕਰ ਰਹੇ ਗ਼ੈਰ-ਸਰਕਾਰੀ ਸੰਗਠਨਾਵਾਂ ਅਤੇ ਸੰਸਥਾਵਾਂ ਦੀਆਂ ਕੋਸ਼ਿਸ਼ਾਂ ਨੂੰ ਉਤਸ਼ਾਹਤ ਕਰਨਾ;

(ਙ) ਅਜਿਹੇ ਹੋਰ ਕਾਰਜਕਾਰਾਂ ਦਾ ਪਾਲਣ ਕਰਨਾ ਜੋ ਮਨੁੱਖੀ ਅਧਿਕਾਰਾਂ ਦੇ ਬੜ੍ਹਾਵੇ ਲਈ ਜ਼ਰੂਰੀ ਸਮਝੇ ਜਾਣ। 1908

ਜਾਂਚਾ ਨਾਲ ਸੰਬੰਧਤ ਸ਼ਕਤੀਆਂ।

13. (1) ਕਮਿਸ਼ਨ ਨੂੰ, ਇਸ ਐਕਟ ਅਧੀਨ ਸ਼ਿਕਾਇਤਾਂ ਦੀ ਜਾਂਚ ਕਰਦੇ ਸਮੇਂ ਅਤੇ ਖਾਸ ਕਰਕੇ ਹੇਠ-ਲਿਖੇ ਮਾਮਲਿਆਂ ਵਿੱਚ, ਉਹ ਸਭ ਸ਼ਕਤੀਆਂ ਹੋਣਗੀਆਂ ਜੋ ਜ਼ਾਬਤਾ ਦੀਵਾਨੀ ਸੰਘਤਾ, 1908 ਅਧੀਨ ਦਾਵੇ ਦਾ ਵਿਚਾਰਣ ਕਰਦੇ ਸਮੇਂ ਦੀਵਾਨੀ ਅਦਾਲਤ ਨੂੰ ਹੁੰਦੀਆਂ ਹਨ, ਅਰਥਾਤ :-

(ੳ) ਗਵਾਹਾਂ ਨੂੰ ਤਲਬ ਕਰਨਾ ਅਤੇ ਹਾਜ਼ਰ ਕਰਵਾਉਣਾ ਅਤੇ ਉਨ੍ਹਾਂ ਦੀ ਸਹੁੰ ਤੇ ਪੁੱਛਿਆ ਕਰਨਾ;

(ਅ) ਕਿਸੇ ਦਸਤਾਵੇਜ਼ ਨੂੰ ਪ੍ਰਗਟ ਅਤੇ ਪੇਸ਼ ਕਰਵਾਉਣਾ;

(ੲ) ਹਲਫ਼ੀਆਂ ਬਿਆਨਾਂ ਤੇ ਸ਼ਹਾਦਤ ਲੈਣਾ;

(ਸ) ਕਿਸੇ ਅਦਾਲਤ ਜਾਂ ਦਫ਼ਤਰ ਤੋਂ ਕਿਸੇ ਲੋਕ ਰਿਕਾਰਡ ਜਾਂ ਉਸਦੀ ਨਕਲ ਦੀ ਮੰਗ ਕਰਨਾ;

(ਹ) ਗਵਾਹਾਂ ਜਾਂ ਦਸਤਾਵੇਜ਼ਾਂ ਦੀ ਪਰੀਖਿਆ ਲਈ ਕਮਿਸ਼ਨ ਜਾਰੀ ਕਰਨੇ;

(ਕ) ਕੋਈ ਹੋਰ ਮਾਮਲਾ, ਜੋ ਮੁਕੱਰਰ ਕੀਤਾ ਜਾਵੇ।

(2) ਕਮਿਸ਼ਨ ਨੂੰ, ਕਿਸੇ ਵਿਅਕਤੀ ਤੋਂ, ਕਿਸੇ ਵਿਸ਼ੇਸ਼ਾਧਿਕਾਰ ਦੇ ਤਾਬੇ, ਜਿਸ ਦਾ ਉਸ ਵਿਅਕਤੀ ਦੁਆਰਾ ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਅਧੀਨ ਦਾਅਵਾ ਕੀਤਾ ਜਾਵੇ, ਅਜਿਹੀਆਂ ਗੱਲਾਂ ਅਤੇ ਮਾਮਲਿਆਂ ਤੇ ਜਾਣਕਾਰੀ ਦੇਣਾ ਲੋੜਨ ਦੀ ਸ਼ਕਤੀ ਹੋਵੇਗੀ, ਜੋ ਕਮਿਸ਼ਨ ਦੀ ਰਾਏ ਵਿੱਚ, ਜਾਂਚ ਦੀ ਵਿਸ਼ਾ-ਵਸਤੂ ਲਈ ਕਾਰਆਮਦ ਜਾਂ ਸੁਸੰਗਤ ਹੋਣ, ਅਤੇ ਅਜਿਹਾ ਵਿਅਕਤੀ, ਜਿਸ ਤੋਂ ਇਸ ਤਰ੍ਹਾਂ ਲੋੜਿਆ ਜਾਵੇ, ਭਾਰਤੀ ਦੰਡ 1860 ਦਾ 45
ਸੰਘਤਾ ਦੀ ਧਾਰਾ 176 ਅਤੇ ਧਾਰਾ 177 ਦੇ ਅਰਥ ਅੰਦਰ ਅਜਿਹੀ ਜਾਣਕਾਰੀ ਦੇਣ ਲਈ ਕਾਨੂੰਨੀ ਤੌਰ ਤੇ ਪਾਬੰਦ ਸਮਝਿਆ ਜਾਵੇਗਾ।

(3) ਕਮਿਸ਼ਨ ਜਾਂ ਕਮਿਸ਼ਨ ਦੁਆਰਾ ਇਸ ਨਮਿੱਤ ਵਿਸ਼ੇਸ਼ ਤੌਰ ਤੇ ਅਖ਼ਤਿਆਰਤ ਕੋਈ ਹੋਰ ਅਫ਼ਸਰ, ਜਿਸ ਦਾ ਰੈਂਕ ਕਿਸੇ ਗਜ਼ਟਿਡ ਅਫ਼ਸਰ ਤੋਂ ਥੱਲੇ ਦਾ ਨ ਹੋਵੇ, ਜ਼ਾਬਤਾ ਫ਼ੌਜਦਾਰੀ ਸੰਘਤਾ 1973 1974 ਦਾ 2
ਦੀ ਧਾਰਾ 100 ਦੇ ਉਪਬੰਧਾਂ ਦੇ ਤਾਬੇ ਜਿੱਥੇ ਤੱਕ ਉਹ ਲਾਗੂ ਹੋਣ, ਕਿਸੇ ਅਜਿਹੇ ਭਵਨ ਜਾਂ ਥਾਂ ਵਿੱਚ ਜਿਸ ਬਾਰੇ ਕਮਿਸ਼ਨ ਕੋਲ ਇਹ ਵਿਸ਼ਵਾਸ ਕਰਨ ਦਾ ਕਾਰਨ ਹੈ ਕਿ ਜਾਂਚ ਦੀ ਵਿਸ਼ਾ-ਵਸਤੂ ਨਾਲ ਸੰਬੰਧਤ ਕੋਈ ਦਸਤਾਵੇਜ਼ ਪਾਇਆ ਜਾ ਸਕਦਾ ਹੈ, ਦਾਖ਼ਲ ਹੋ ਸਕੇਗਾ ਅਤੇ ਕਿਸੇ ਅਜਿਹੇ ਦਸਤਾਵੇਜ਼ ਨੂੰ ਪਕੜ ਸਕੇਗਾ ਅਤੇ ਉਸ ਤੋਂ ਟੂਕਾਂ ਅਤੇ ਨਕਲਾਂ ਲੈ ਸਕੇਗਾ।

(4) ਕਮਿਸ਼ਨ ਨੂੰ ਦੀਵਾਨੀ ਅਦਾਲਤ ਸਮਝਿਆ ਜਾਵੇਗਾ ਅਤੇ ਜਦ ਕੋਈ, ਅਜਿਹਾ ਅਪਰਾਧ, 1860 ਦਾ 45
ਜੋ ਭਾਰਤੀ ਦੰਡ ਸੰਘਤਾ ਦੀ ਧਾਰਾ 175, ਧਾਰਾ 178, ਧਾਰਾ 179, ਧਾਰਾ 180 ਜਾਂ ਧਾਰਾ 228 ਵਿੱਚ ਵਰਣਤ ਹੈ, ਕਮਿਸ਼ਨ ਦੀ ਦ੍ਰਿਸ਼ਟੀ ਵਿੱਚ ਜਾਂ ਹਾਜ਼ਰੀ ਵਿੱਚ ਕੀਤਾ ਜਾਂਦਾ ਹੈ ਤਦ ਕਮਿਸ਼ਨ, ਅਪਰਾਧ ਗੱਠਤ ਕਰਨ ਵਾਲੇ ਤੱਥਾਂ ਅਤੇ ਮੁਲਜ਼ਮ ਦੇ ਬਿਆਨ ਨੂੰ ਕਲਮਬੰਦ ਕਰਨ ਪਿੱਛੋਂ, ਜਿਵੇਂ ਜ਼ਾਬਤਾ ਫ਼ੌਜਦਾਰੀ ਸੰਘਤਾ, 1974 ਦਾ 2
1973 ਵਿੱਚ ਉਪਬੰਧਤ ਹੈ, ਉਸ ਮਾਮਲੇ ਨੂੰ ਅਜਿਹੇ ਮੈਜਿਸਟਰੇਟ ਨੂੰ ਭੇਜ ਸਕੇਗਾ ਜਿਸ ਨੂੰ ਉਸ ਦਾ ਵਿਚਾਰਣ ਕਰਨ ਦੀ ਅਧਿਕਾਰਤਾ ਹੈ ਅਤੇ ਉਹ ਮੈਜਿਸਟਰੇਟ ਜਿਸ ਨੂੰ ਅਜਿਹਾ ਕੋਈ ਮਾਮਲਾ ਭੇਜਿਆ ਜਾਂਦਾ ਹੈ, ਮੁਲਜ਼ਮ ਵਿਰੁੱਧ ਸ਼ਿਕਾਇਤ ਸੁਣਨ ਲਈ ਇਸ ਤਰ੍ਹਾਂ ਅੱਗੇ ਕਾਰਵਾਈ ਕਰੇਗਾ ਮਾਨੋਂ ਉਹ ਮਾਮਲਾ 1974 ਦਾ 2
ਜ਼ਾਬਤਾ ਫ਼ੌਜਦਾਰੀ ਸੰਘਤਾ, 1973 ਦੀ ਧਾਰਾ 346 ਅਧੀਨ ਉਸਨੂੰ ਭੇਜਿਆ ਗਿਆ ਹੋਵੇ।

(5) ਕਮਿਸ਼ਨ ਅੱਗੇ ਹਰਿਕ ਕਾਰਵਾਈ ਨੂੰ ਭਾਰਤੀ ਦੰਡ ਸੰਘਤਾ ਦੀ ਧਾਰਾ 193 ਅਤੇ ਧਾਰਾ 1860 ਦਾ 45
228 ਦੇ ਅਰਥ ਅੰਦਰ ਅਤੇ ਧਾਰਾ 196 ਦੇ ਪ੍ਰਯੋਜਨਾਂ ਲਈ ਨਿਆਂਇਕ ਕਾਰਵਾਈ ਸਮਝਿਆ ਜਾਵੇਗਾ ਅਤੇ ਕਮਿਸ਼ਨ ਨੂੰ ਜ਼ਾਬਤਾ ਫ਼ੌਜਦਾਰੀ ਸੰਘਤਾ, 1973 ਦੀ ਧਾਰਾ 195 ਅਤੇ ਅਧਿਆਏ XXVI ਦੇ ਸਭ ਪ੍ਰਯੋਜਨਾਂ 1974 ਦਾ 2
ਲਈ ਦੀਵਾਨੀ ਅਦਾਲਤ ਸਮਝਿਆ ਜਾਵੇਗਾ।

ਤਫ਼ਤੀਸ਼।

14. (1) ਕਮਿਸ਼ਨ, ਜਾਂਚ ਨਾਲ ਸੰਬੰਧਤ ਕੋਈ ਤਫ਼ਤੀਸ਼ ਕਰਨ ਦੇ ਪ੍ਰਯੋਜਨ ਲਈ, ਕੇਂਦਰੀ ਸਰਕਾਰ ਜਾਂ ਕਿਸੇ ਰਾਜ ਸਰਕਾਰ, ਜਿਹੀ ਕਿ ਸੂਰਤ ਹੋਵੇ, ਦੀ ਸਹਿਮਤੀ ਨਾਲ ਕੇਂਦਰੀ ਸਰਕਾਰ ਜਾਂ ਉਸ ਰਾਜ ਸਰਕਾਰ ਦੇ ਕਿਸੇ ਅਫ਼ਸਰ ਜਾਂ ਤਫ਼ਤੀਸ਼ੀ ਏਜੰਸੀ ਦੀਆਂ ਸੇਵਾਵਾਂ ਦਾ ਉਪਯੋਗ ਕਰ ਸਕੇਗਾ।

(2) ਜਾਂਚ ਨਾਲ ਸੰਬੰਧਤ ਕਿਸੇ ਮਾਮਲੇ ਦੀ ਤਫ਼ਤੀਸ਼ ਕਰਨ ਦੇ ਪ੍ਰਯੋਜਨ ਲਈ ਕੋਈ ਅਜਿਹਾ ਅਫ਼ਸਰ ਜਾਂ ਏਜੰਸੀ, ਜਿਸ ਦੀਆਂ ਸੇਵਾਵਾਂ ਦਾ ਉਪ-ਧਾਰਾ (1) ਅਧੀਨ ਉਪਯੋਗ ਕੀਤਾ ਜਾਂਦਾ ਹੈ, ਕਮਿਸ਼ਨ ਦੇ ਨਿਦੇਸ਼ਨ ਅਤੇ ਕੰਟਰੋਲ ਦੇ ਤਾਬੇ –

(ੳ) ਕਿਸੇ ਵਿਅਕਤੀ ਨੂੰ ਤਲਬ ਕਰ ਸਕੇਗੀ ਅਤੇ ਹਾਜ਼ਰ ਕਰਵਾ ਸਕੇਗੀ ਅਤੇ ਉਸਦੀ ਪਰੀਖਿਆ ਕਰ ਸਕੇਗੀ;

(ਅ) ਕਿਸੇ ਦਸਤਾਵੇਜ਼ ਨੂੰ ਪ੍ਰਗਟ ਅਤੇ ਪੇਸ਼ ਕੀਤੇ ਜਾਣਾ ਲੋੜ ਸਕੇਗੀ; ਅਤੇ

(ੲ) ਕਿਸੇ ਦਫ਼ਤਰ ਤੋਂ ਕਿਸੇ ਲੋਕ ਰਿਕਾਰਡ ਜਾਂ ਉਸ ਦੀ ਨਕਲ ਦੀ ਮੰਗ ਕਰ ਸਕੇਗੀ।

(3) ਧਾਰਾ 15 ਦੇ ਉਪਬੰਧ ਕਿਸੇ ਅਜਿਹੇ ਅਫ਼ਸਰ ਜਾਂ ਏਜੰਸੀ ਅੱਗੇ ਜਿਸ ਦੀਆਂ ਸੇਵਾਵਾਂ ਦਾ ਉਪ-ਧਾਰਾ (1) ਅਧੀਨ ਉਪਯੋਗ ਕੀਤਾ ਜਾਂਦਾ ਹੈ ਕਿਸੇ ਵਿਅਕਤੀ ਦੁਆਰਾ ਦਿੱਤੇ ਗਏ ਕਿਸੇ ਬਿਆਨ ਦੇ ਸੰਬੰਧ ਵਿੱਚ ਉਸੇ ਤਰ੍ਹਾਂ ਲਾਗੂ ਹੋਣਗੇ ਜਿਵੇਂ ਉਹ ਕਮਿਸ਼ਨ ਅੱਗੇ ਸ਼ਹਾਦਤ ਦੇਣ ਦੇ ਅਨੁਕ੍ਰਮ ਵਿੱਚ ਕਿਸੇ ਵਿਅਕਤੀ ਦੁਆਰਾ ਦਿੱਤੇ ਗਏ ਕਿਸੇ ਬਿਆਨ ਦੇ ਸੰਬੰਧ ਵਿੱਚ ਲਾਗੂ ਹੁੰਦੇ ਹਨ।

(4) ਕੋਈ ਅਫ਼ਸਰ ਜਾਂ ਏਜੰਸੀ ਜਿਸ ਦੀਆਂ ਸੇਵਾਵਾਂ ਦਾ ਉਪ-ਧਾਰਾ (1) ਅਧੀਨ ਉਪਯੋਗ ਕੀਤਾ ਜਾਂਦਾ ਹੈ, ਉਸ ਜਾਂਚ ਨਾਲ ਸੰਬੰਧਤ ਕਿਸੇ ਮਾਮਲੇ ਦੀ ਤਫ਼ਤੀਸ਼ ਕਰੇਗੀ ਅਤੇ ਉਸ ਤੇ ਕਮਿਸ਼ਨ ਨੂੰ ਅਜਿਹੀ ਮੁਦੱਤ ਅੰਦਰ, ਜੋ ਕਮਿਸ਼ਨ ਦੁਆਰਾ ਇਸ ਨਮਿੱਤ ਉਲਿਖੱਤ ਕੀਤੀ ਜਾਵੇ, ਰਿਪੋਟ ਦੇਵੇਗੀ।

(5) ਕਮਿਸ਼ਨ, ਉਪ-ਧਾਰਾ (4) ਅਧੀਨ ਉਸ ਨੂੰ ਪੇਸ਼ ਕੀਤੀ ਗਈ ਰਿਪੋਟ ਵਿੱਚ ਕੱਥਤ ਤੱਥਾਂ ਦੇ ਅਤੇ ਕਢੇ ਗਏ ਸਿੱਟਿਆਂ ਦੇ, ਜੇ ਕੋਈ ਹੋਣ, ਦਰੁਸਤ ਹੋਣ ਬਾਰੇ ਆਪਣੀ ਤਸੱਲੀ ਕਰੇਗਾ ਅਤੇ ਉਸ ਪ੍ਰਯੋਜਨ ਲਈ ਕਮਿਸ਼ਨ ਅਜਿਹੀ ਜਾਂਚ (ਜਿਸ ਵਿੱਚ ਉਸ ਵਿਅਕਤੀ ਦੀ ਜਾਂ ਉਨ੍ਹਾਂ ਵਿਅਕਤੀਆਂ ਦੀ ਪਰੀਖਿਆ ਸ਼ਾਮਲ ਹੈ, ਜਿਸ ਨੇ ਜਾਂ ਜਿਨ੍ਹਾਂ ਨੇ ਤਫ਼ਤੀਸ਼ ਕੀਤੀ ਹੋਵੇ ਜਾਂ ਉਸ ਵਿੱਚ ਸਹਾਇਤਾ ਕੀਤੀ ਹੋਵੇ), ਕਰ ਸਕੇਗਾ, ਜੋ ਉਹ ਠੀਕ ਸਮਝੇ।

ਕਮਿਸ਼ਨ ਅੱਗੇ ਵਿਅਕਤੀਆਂ ਦੁਆਰਾ ਦਿਤੇ ਗਏ ਬਿਆਨ।

15. ਕਮਿਸ਼ਨ ਅੱਗੇ ਸ਼ਹਾਦਤ ਦੇਣ ਦੇ ਅਨੁਕ੍ਰਮ ਵਿੱਚ ਕਿਸੇ ਵਿਅਕਤੀ ਦੁਆਰਾ ਦਿੱਤਾ ਗਿਆ ਕੋਈ ਬਿਆਨ, ਅਜਿਹੇ ਬਿਆਨ ਦੁਆਰਾ ਝੂਠੀ ਸ਼ਹਾਦਤ ਦੇਣ ਲਈ ਕਿਸੇ ਪ੍ਰਾਸੀਕਿਊਸ਼ਨ ਦੇ ਸਿਵਾਏ, ਉਸ ਨੂੰ ਕਿਸੇ ਦੀਵਾਨੀ ਜਾਂ ਫ਼ੌਜਦਾਰੀ ਕਾਰਵਾਈ ਦੇ ਤਾਬੇ ਨਹੀਂ ਕਰੇਗਾ ਜਾਂ ਉਸ ਵਿੱਚ ਉਸ ਵਿਰੁੱਧ ਵਰਤੋਂ ਵਿੱਚ ਨਹੀਂ ਲਿਆਂਦਾ ਜਾਵੇਗਾ:

ਪਰੰਤੂ ਇਹ ਤਦ ਜਦ ਅਜਿਹਾ ਬਿਆਨ–

(ੳ) ਅਜਿਹੇ ਸਵਾਲ ਦੇ ਉਤਰ ਵਿੱਚ ਦਿੱਤਾ ਜਾਂਦਾ ਹੈ ਜਿਸ ਦੀ ਜਵਾਬ-ਦਿਹੀ ਕਰਨ ਲਈ ਉਸ ਤੋਂ ਕਮਿਸ਼ਨ ਦੁਆਰਾ ਲੋੜਿਆ ਜਾਵੇ; ਜਾਂ

(ਅ) ਜਾਂਚ ਦੀ ਵਿਸ਼ਾ-ਵਸਤੂ ਨਾਲ ਸੁਸੰਗਤ ਹੈ।

ਉਨ੍ਹਾਂ ਵਿਅਕਤੀਆਂ ਦੀ ਸੁਣਵਾਈ ਜਿਨ੍ਹਾਂ ਤੇ ਪ੍ਰਤੀਕੂਲ ਪ੍ਰਭਾਵ ਪੈਣਾ ਸੰਭਾਵੀ ਹੈ।

16. ਜੇ ਜਾਂਚ ਦੇ ਕਿਸੇ ਪੜਾਉ ਤੇ ,–

(ੳ) ਕਮਿਸ਼ਨ ਕਿਸੇ ਵਿਅਕਤੀ ਦੇ ਆਚਰਣ ਦੀ ਜਾਂਚ ਕਰਨਾ ਜ਼ਰੂਰੀ ਸਮਝਦਾ ਹੈ; ਜਾਂ

(ਅ) ਕਮਿਸ਼ਨ ਦੀ ਇਹ ਰਾਏ ਹੈ ਕਿ ਜਾਂਚ ਦੁਆਰਾ ਕਿਸੇ ਵਿਅਕਤੀ ਦੀ ਸ਼ੁਹਰਤ ਤੇ ਪ੍ਰਤੀਕੂਲ ਪ੍ਰਭਾਵ ਪੈਣਾ ਸੰਭਾਵੀ ਹੈ, ਤਾਂ ਉਹ ਉਸ ਵਿਅਕਤੀ ਨੂੰ ਜਾਂਚ ਵਿੱਚ ਸੁਣਵਾਈ ਅਤੇ ਆਪਣੀ ਸਫ਼ਾਈ ਵਿੱਚ ਸ਼ਹਾਦਤ ਪੇਸ਼ ਕਰਨ ਦਾ ਵਾਜਬੀ ਅਵਸਰ ਦੇਵੇਗਾ:

ਪਰੰਤੂ ਇਸ ਧਾਰਾ ਦੀ ਕੋਈ ਗੱਲ ਉਥੇ ਲਾਗੂ ਨਹੀ ਹੋਵੇਗੀ ਜਿੱਥੇ ਕਿਸੇ ਗਵਾਹ ਦੀ ਵਿਸ਼ਵਾਸਯੋਗਤਾ ਤੇ ਇਲਜ਼ਾਮ ਲਾਇਆ ਜਾ ਰਿਹਾ ਹੈ।

## ਅਧਿਆਏ IV

### ਜ਼ਾਬਤਾ

ਸ਼ਿਕਾਇਤਾਂ ਦੀ ਜਾਂਚ।

17. ਕਮਿਸ਼ਨ, ਮਨੁੱਖੀ ਅਧਿਕਾਰਾਂ ਦੀ ਖ਼ਿਲਾਫ਼ਵਰਜ਼ੀ ਦੀਆਂ ਸ਼ਿਕਾਇਤਾਂ ਦੀ ਜਾਂਚ ਕਰਦੇ ਸਮੇਂ,–

(i) ਕੇਂਦਰੀ ਸਰਕਾਰ ਜਾਂ ਕਿਸੇ ਰਾਜ ਸਰਕਾਰ ਜਾਂ ਉਸ ਦੇ ਅਧੀਨ ਕਿਸੇ ਹੋਰ ਅਥਾਰਟੀ ਜਾਂ ਸੰਗਠਨ ਤੋਂ ਅਜਿਹੇ ਸਮੇਂ ਅੰਦਰ, ਜੋ ਕਮਿਸ਼ਨ ਦੁਆਰਾ ਉਲਿੱਖਤ ਕੀਤਾ ਜਾਵੇ, ਜਾਣਕਾਰੀ ਜਾਂ ਰਿਪੋਟ ਮੰਗ ਸਕੇਗਾ :

ਪਰੰਤੂ –

(ੳ) ਜੇ ਕਮਿਸ਼ਨ ਦੁਆਰਾ ਅਨੁਬੰਧਤ ਸਮੇਂ ਅੰਦਰ ਜਾਣਕਾਰੀ ਜਾਂ ਰਿਪੋਟ ਉਸਨੂੰ ਪ੍ਰਾਪਤ ਨਹੀਂ ਹੁੰਦੀ ਹੈ, ਤਾਂ ਉਹ ਉਸ ਸ਼ਿਕਾਇਤ ਬਾਰੇ ਖ਼ੁਦ ਜਾਂਚ ਕਰ ਸਕੇਗਾ;

(ਅ) ਜੇ ਜਾਣਕਾਰੀ ਜਾਂ ਰਿਪੋਟ ਦੀ ਪ੍ਰਾਪਤੀ ਤੇ, ਕਮਿਸ਼ਨ ਦੀ ਇਹ ਤਸੱਲੀ ਹੋ ਜਾਂਦੀ ਹੈ ਕਿ ਕੋਈ ਹੋਰ ਜਾਂਚ ਦੀ ਲੋੜ ਨਹੀਂ ਹੈ, ਜਾਂ ਲੋੜੀਂਦੀ ਕਾਰਵਾਈ ਸੰਬੰਧਤ ਸਰਕਾਰ ਜਾਂ ਅਥਾਰਟੀ ਦੁਆਰਾ ਸ਼ੁਰੂ ਕਰ ਦਿੱਤੀ ਗਈ ਹੈ ਜਾਂ ਕੀਤੀ ਜਾ ਚੁੱਕੀ ਹੈ, ਤਾਂ ਉਹ ਸ਼ਿਕਾਇਤ ਬਾਰੇ ਕਾਰਵਾਈ ਨਹੀਂ ਕਰ ਸਕੇਗਾ ਅਤੇ ਸ਼ਿਕਾਇਤਕਾਰ ਨੂੰ ਉਸ ਅਨੁਸਾਰ ਜਾਣਕਾਰੀ ਦੇ ਸਕੇਗਾ;

(ii) ਖੰਡ (i) ਵਿੱਚ ਦਰਜ ਕਿਸੇ ਗੱਲ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਜੇ ਕਮਿਸ਼ਨ, ਸ਼ਿਕਾਇਤ ਦੀ ਪ੍ਰਕਿਰਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਰੂਰੀ ਸਮਝਦਾ ਹੈ ਤਾਂ ਜਾਂਚ ਸ਼ੁਰੂ ਕਰ ਸਕੇਗਾ।

ਜਾਂਚ ਦੇ ਪਿੱਛੋਂ ਦੀ ਕਾਰਵਾਈ।

18. ਕਮਿਸ਼ਨ, ਇਸ ਐਕਟ ਅਧੀਨ ਕੀਤੀ ਗਈ ਕਿਸੇ ਜਾਂਚ ਦੇ ਪੂਰਾ ਹੋਣ ਤੇ, ਹੇਠ-ਲਿਖੀਆਂ ਵਿਚੋਂ ਕੋਈ ਕਾਰਵਾਈ ਕਰ ਸਕੇਗਾ, ਅਰਥਾਤ :-

(1) ਜਿੱਥੇ ਜਾਂਚ ਤੋਂ ਮਨੁੱਖੀ ਅਧਿਕਾਰਾਂ ਦੀ ਖ਼ਿਲਾਫ਼ਵਰਜ਼ੀ ਦਾ ਜਾਂ ਕਿਸੇ ਲੋਕ ਸੇਵਕ ਦੁਆਰਾ ਮਨੁੱਖੀ ਅਧਿਕਾਰਾਂ ਦੀ ਖ਼ਿਲਾਫ਼ਵਰਜ਼ੀ ਦੇ ਨਿਵਾਰਣ ਵਿੱਚ ਅਣਗਹਿਲੀ ਦਾ ਹੋਣਾ ਪ੍ਰਗਟ ਹੁੰਦਾ ਹੈ ਉਥੇ ਕਮਿਸ਼ਨ ਸੰਬੰਧਤ ਸਰਕਾਰ ਜਾਂ ਅਥਾਰਟੀ ਨੂੰ ਸੰਬੰਧਤ ਵਿਅਕਤੀ ਜਾਂ ਵਿਅਕਤੀਆਂ ਵਿਰੁੱਧ ਪ੍ਰਾਸੀਕਿਊਸ਼ਨ ਲਈ ਕੋਈ ਕਾਰਵਾਈ ਜਾਂ ਅਜਿਹੀਆਂ ਹੋਰ ਕਾਰਵਾਈਆਂ ਸ਼ੁਰੂ ਕਰਨ ਲਈ, ਜੋ ਕਮਿਸ਼ਨ ਠੀਕ ਸਮਝੇ, ਸ਼ਿਫ਼ਾਰਸ਼ ਕਰ ਸਕੇਗਾ;

(2) ਸਰਵ-ਉੱਚ ਅਦਾਲਤ ਜਾਂ ਸੰਬੰਧਤ ਉੱਚ ਅਦਾਲਤ ਨੂੰ, ਅਜਿਹੇ ਨਿਦੇਸ਼, ਹੁਕਮ ਜਾਂ ਰਿਟਾਂ ਲਈ, ਜੋ ਉਹ ਅਦਾਲਤ ਠੀਕ ਸਮਝੇ, ਪਹੁੰਚ ਕਰ ਸਕੇਗਾ;

(3) ਪੀੜਤ ਵਿਅਕਤੀ ਜਾਂ ਉਸ ਦੇ ਪਰਿਵਾਰ ਦੇ ਮੈਂਬਰਾਂ ਨੂੰ ਅਜਿਹੀ ਤੁਰਤ ਅੰਤਰਿਮ ਸਹਾਇਤਾ ਮਨਜ਼ੂਰ ਕਰਨ ਦੀ, ਜੋ ਕਮਿਸ਼ਨ ਜ਼ਰੂਰੀ ਸਮਝੇ, ਸੰਬੰਧਤ ਸਰਕਾਰ ਜਾਂ ਅਥਾਰਟੀ ਨੂੰ ਸਿਫ਼ਾਰਸ਼ ਕਰ ਸਕੇਗਾ;

(4) ਖੰਡ (5) ਦੇ ਉਪਬੰਧਾਂ ਦੇ ਤਾਬੇ, ਜਾਂਚ ਰਿਪੋਟ ਦੀ ਨਕਲ ਅਰਜ਼ੀਦਾਰ ਜਾਂ ਉਸ ਦੇ ਪ੍ਰਤੀਨਿੱਧ ਨੂੰ ਦੇ ਸਕੇਗਾ;

(5) ਕਮਿਸ਼ਨ ਆਪਣੀ ਜਾਂਚ ਰਿਪੋਟ ਦੀ ਇਕ ਨਕਲ ਆਪਣੀਆਂ ਸਿਫ਼ਾਰਸ਼ਾਂ ਸਮੇਤ ਸੰਬੰਧਤ ਸਰਕਾਰ ਜਾਂ ਅਥਾਰਟੀ ਨੂੰ ਭੇਜੇਗਾ ਅਤੇ ਸੰਬੰਧਤ ਸਰਕਾਰ ਜਾਂ ਅਥਾਰਟੀ, ਇਕ ਮਹੀਨੇ ਦੀ ਮੁੱਦਤ ਅੰਦਰ ਜਾਂ

ਅਜਿਹੇ ਹੋਰ ਸਮੇਂ ਅੰਦਰ, ਜਿਸ ਦੀ ਕਮਿਸ਼ਨ ਇਜਾਜ਼ਤ ਦੇਵੇ, ਰਿਪੋਟ ਤੇ ਆਪਣੀ ਟਿੱਪਣੀ, ਜਿਸ ਵਿਚ ਉਸ ਤੇ ਕੀਤੀ ਜਾਂ ਕੀਤੀ ਜਾਣੀ ਤਜਵੀਜ਼ ਕੀਤੀ ਕਾਰਵਾਈ ਸ਼ਾਮਲ ਹੈ, ਕਮਿਸ਼ਨ ਨੂੰ ਭੇਜੇਗਾ;

(6) ਕਮਿਸ਼ਨ, ਸੰਬੰਧਤ ਸਰਕਾਰ ਜਾਂ ਅਥਾਰਟੀ ਨੂੰ ਟਿੱਪਣੀਆਂ ਸਮੇਤ, ਜੇ ਕੋਈ ਹੋਣ, ਆਪਣੀ ਜਾਂਚ ਰਿਪੋਟ ਅਤੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤੇ ਸੰਬੰਧਤ ਸਰਕਾਰ ਜਾਂ ਅਥਾਰਟੀ ਦੁਆਰਾ ਕੀਤੀ ਜਾਂ ਕੀਤੀ ਜਾਣੀ ਤਜਵੀਜ਼ ਕੀਤੀ ਕਾਰਵਾਈ ਨੂੰ ਪ੍ਰਕਾਸ਼ਤ ਕਰੇਗਾ।

ਸ਼ਸਤਰਧਾਰੀ ਬਲਾਂ ਬਾਰੇ ਜ਼ਾਬਤਾ।

19. (1) ਇਸ ਐਕਟ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਮਿਸ਼ਨ ਸ਼ਸਤਰਧਾਰੀ ਬਲਾਂ ਦੇ ਮੈਂਬਰਾਂ ਦੁਆਰਾ ਮਨੁੱਖੀ ਅਧਿਕਾਰਾਂ ਦੀ ਖ਼ਿਲਾਫ਼ਵਰਜ਼ੀ ਦੀਆਂ ਸ਼ਿਕਾਇਤਾਂ ਬਾਰੇ ਕਾਰਵਾਈ ਕਰਦੇ ਸਮੇਂ, ਹੇਠ ਲਿਖਿਆ ਜ਼ਾਬਤਾ ਅਪਣਾਏਗਾ, ਅਰਥਾਤ:-

(ੳ) ਕਮਿਸ਼ਨ ਜਾਂ ਤਾਂ ਸਵੈ-ਪ੍ਰੇਰਨਾ ਤੇ ਜਾਂ ਕਿਸੇ ਅਰਜ਼ੀ ਦੀ ਪ੍ਰਾਪਤੀ ਤੇ ਕੇਂਦਰੀ ਸਰਕਾਰ ਤੋਂ ਰਿਪੋਟ ਮੰਗ ਸਕੇਗਾ;

(ਅ) ਕਮਿਸ਼ਨ ਰਿਪੋਟ ਦੀ ਪ੍ਰਾਪਤੀ ਪਿੱਛੋਂ ਜਾਂ ਤਾਂ ਸ਼ਿਕਾਇਤ ਬਾਰੇ ਕੋਈ ਕਾਰਵਾਈ ਨਹੀਂ ਕਰੇਗਾ ਜਾਂ ਜਿਹੀ ਕਿ ਸੂਰਤ ਹੋਵੇ, ਉਸ ਸਰਕਾਰ ਨੂੰ ਆਪਣੀਆਂ ਸਿਫ਼ਾਰਸ਼ਾਂ ਕਰ ਸਕੇਗਾ।

(2) ਕੇਂਦਰੀ ਸਰਕਾਰ, ਸਿਫ਼ਾਰਸ਼ਾਂ ਤੇ ਕੀਤੀ ਕਾਰਵਾਈ ਬਾਰੇ ਕਮਿਸ਼ਨ ਨੂੰ ਤਿੰਨ ਮਹੀਨੇ ਅੰਦਰ ਜਾਂ ਅਜਿਹੇ ਹੋਰ ਸਮੇਂ ਅੰਦਰ, ਜਿਸ ਦੀ ਕਮਿਸ਼ਨ ਆਗਿਆ ਦੇਵੇ, ਇਤਲਾਹ ਦੇਵੇਗੀ।

(3) ਕਮਿਸ਼ਨ, ਕੇਂਦਰੀ ਸਰਕਾਰ ਨੂੰ ਕੀਤੀਆਂ ਆਪਣੀਆਂ ਸ਼ਿਫਾਰਸ਼ਾਂ ਅਤੇ ਅਜਿਹੀਆਂ ਸਿਫ਼ਾਰਸ਼ਾਂ ਤੇ ਕੇਂਦਰੀ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਸਮੇਤ, ਆਪਣੀ ਰਿਪੋਟ ਪ੍ਰਕਾਸ਼ਤ ਕਰੇਗਾ।

(4) ਕਮਿਸ਼ਨ, ਉਪ-ਧਾਰਾ (3) ਅਧੀਨ ਪ੍ਰਕਾਸ਼ਤ ਰਿਪੋਟ ਦੀ ਨਕਲ, ਅਰਜ਼ੀਦਾਰ ਜਾਂ ਉਸ ਦੇ ਪ੍ਰਤੀਨਿਧ ਨੂੰ ਮੁਹੱਈਆ ਕਰਵਾਏਗਾ।

ਕਮਿਸ਼ਨ ਦੀਆਂ ਸਾਲਾਨਾ ਅਤੇ ਵਿਸ਼ੇਸ਼ ਰਿਪੋਟਾਂ।

20 (1) ਕਮਿਸ਼ਨ, ਕੇਂਦਰੀ ਸਰਕਾਰ ਨੂੰ ਅਤੇ ਸੰਬੰਧਤ ਰਾਜ ਸਰਕਾਰ ਨੂੰ ਸਾਲਾਨਾ ਰਿਪੋਟ ਪੇਸ਼ ਕਰੇਗਾ ਅਤੇ ਕਿਸੇ ਸਮੇਂ ਵੀ ਅਜਿਹੇ ਮਾਮਲੇ ਦੀ ਜੋ ਉਸ ਦੀ ਰਾਏ ਵਿੱਚ ਇਤਨਾ ਫੌਰੀ ਜਾਂ ਮਹੱਤਵਪੂਰਨ ਹੈ ਕਿ ਉਸ ਦਾ ਸਾਲਾਨਾ ਰਿਪੋਟ ਦੇ ਪੇਸ਼ ਕੀਤੇ ਜਾਣ ਤੱਕ ਸਥੱਗਤ ਨਹੀਂ ਕੀਤਾ ਜਾਣਾ ਚਾਹੀਦਾ, ਵਿਸ਼ੇਸ਼ ਰਿਪੋਟਾਂ ਪੇਸ਼ ਕਰ ਸਕੇਗਾ।

(2) ਕੇਂਦਰੀ ਸਰਕਾਰ ਜਾਂ ਰਾਜ ਸਰਕਾਰ, ਜਿਹੀ ਕਿ ਸੂਰਤ ਹੋਵੇ, ਕਮਿਸ਼ਨ ਦੀਆਂ ਸਾਲਾਨਾ ਅਤੇ ਵਿਸ਼ੇਸ਼ ਰਿਪੋਟਾਂ ਨੂੰ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤੇ ਕੀਤੀ ਜਾਂ ਕੀਤੀ ਜਾਣੀ ਤਜਵੀਜ਼ ਕੀਤੀ ਕਾਰਵਾਈ ਦੇ ਮੈਮੋਰੈਂਡਮ ਦੇ ਨਾਲ ਨਾਲ ਅਤੇ ਸਿਫ਼ਾਰਸ਼ਾਂ ਦੀ ਅਸਵੀਕ੍ਰਿਤੀ ਦੇ ਕਾਰਨਾਂ ਸਮੇਤ, ਜੇ ਕੋਈ ਹੋਣ, ਕ੍ਰਮਵਾਰ ਸੰਸਦ ਜਾਂ ਰਾਜ ਵਿਧਾਨ-ਮੰਡਲ ਦੇ ਹਰੇਕ ਸਦਨ ਅੱਗੇ ਰੱਖਵਾਏਗੀ।

## ਅਧਿਆਏ V

## ਰਾਜ ਮਨੁੱਖੀ ਅਧਿਕਾਰ ਕਮਿਸ਼ਨ

ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦਾ ਗਠਨ।

21. (1) ਕੋਈ ਰਾਜ ਸਰਕਾਰ ਇਕ ਬੌਡੀ ਗਠਤ ਕਰ ਸਕੇਗੀ ਜੋ----------(ਰਾਜ ਦਾ ਨਾਂ) ਮਨੁੱਖੀ ਅਧਿਕਾਰ ਕਮਿਸ਼ਨ ਦੇ ਨਾਂ ਨਾਲ ਜਾਣੀ ਜਾਵੇਗੀ ਅਤੇ ਉਹ ਇਸ ਅਧਿਆਏ ਅਧੀਨ ਰਾਜ ਕਮਿਸ਼ਨ ਨੂੰ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਕਰੇਗੀ ਅਤੇ ਉਸ ਨੂੰ ਸੌਂਪੇ ਕਾਜਕਾਰ ਕਰੇਗੀ।

(2) ਰਾਜ ਕਮਿਸ਼ਨ ਹੇਠ-ਲਿਖਿਆਂ ਤੋਂ ਮਿਲਕੇ ਬਣੇਗਾ, ਅਰਥਾਤ:-

(ੳ) ਇਕ ਚੇਅਰਪਰਸਨ,ਜੋ ਉੱਚ ਅਦਾਲਤ ਦਾ ਚੀਫ਼ ਜਸਟਿਸ ਰਿਹਾ ਹੋਵੇ;

(ਅ) ਇਕ ਮੈਂਬਰ, ਜੋ ਉੱਚ ਅਦਾਲਤ ਦਾ ਜੱਜ ਹੈ ਜਾਂ ਰਿਹਾ ਹੋਵੇ;

(ੲ) ਇਕ ਮੈਂਬਰ, ਜੋ ਉਸ ਰਾਜ ਵਿੱਚ ਜ਼ਿਲ੍ਹਾ ਜੱਜ ਹੈ ਜਾਂ ਰਿਹਾ ਹੋਵੇ;

(ਸ) ਦੋ ਮੈਂਬਰ, ਜੋ ਅਜਿਹੇ ਵਿਅਕਤੀਆਂ ਵਿੱਚੋਂ ਨਿਯੁਕਤ ਕੀਤੇ ਜਾਣਗੇ ਜਿਨ੍ਹਾਂ ਨੂੰ ਮਨੁੱਖੀ ਅਧਿਕਾਰਾਂ ਨਾਲ ਸੰਬੰਧਤ ਮਾਮਲਿਆਂ ਦਾ ਗਿਆਨ ਜਾਂ ਅਮਲੀ ਤਜਰਬਾ ਹੋਵੇ;

(3) ਇਕ ਸਕੱਤਰ ਹੋਵੇਗਾ ਜੋ ਰਾਜ ਕਮਿਸ਼ਨ ਦਾ ਮੁੱਖ ਕਾਰਜਕਾਰੀ ਅਫ਼ਸਰ ਹੋਵੇਗਾ ਅਤੇ ਰਾਜ ਕਮਿਸ਼ਨ ਦੀਆਂ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਕਾਜਕਾਰ ਨਿਭਾਏਗਾ ਜੋ ਉਹ ਉਸ ਨੂੰ ਸੌਂਪੇ।

(4) ਰਾਜ ਕਮਿਸ਼ਨ ਦਾ ਸਦਰ-ਮੁਕਾਮ ਅਜਿਹੇ ਸਥਾਨ ਵਿਖੇ ਹੋਵੇਗਾ ਜਿਸਦਾ ਰਾਜ ਸਰਕਾਰ, ਅਧਿਸੂਚਨਾ ਦੁਆਰਾ ਉਲੇਖ ਕਰੇ।

(5) ਕੋਈ ਰਾਜ ਕਮਿਸ਼ਨ ਕੇਵਲ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ II ਅਤੇ ਸੂਚੀ III ਵਿੱਚ ਗਿਣੇ ਇੰਦਰਾਜਾਂ ਵਿੱਚੋਂ ਕਿਸੇ ਨਾਲ ਸੰਬੰਧਤ ਮਾਮਲਿਆਂ ਬਾਰੇ ਮਨੁੱਖੀ ਅਧਿਕਾਰਾਂ ਦੀ ਖ਼ਿਲਾਫ਼ਵਰਜ਼ੀ ਕੀਤੇ ਜਾਣ ਦੀ ਜਾਂਚ ਕਰ ਸਕੇਗਾ:

ਪਰੰਤੂ ਜੇ ਕਿਸੇ ਮਾਮਲੇ ਬਾਰੇ ਕਮਿਸ਼ਨ ਦੁਆਰਾ ਜਾਂ ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਅਧੀਨ ਠੀਕ ਤੌਰ ਤੇ ਗਠਤ ਕਿਸੇ ਹੋਰ ਕਮਿਸ਼ਨ ਦੁਆਰਾ ਪਹਿਲਾਂ ਹੀ ਜਾਂਚ ਕੀਤੀ ਜਾ ਰਹੀ ਹੈ, ਤਾਂ ਰਾਜ ਕਮਿਸ਼ਨ ਉਕਤ ਮਾਮਲੇ ਬਾਰੇ ਜਾਂਚ ਨਹੀਂ ਕਰੇਗਾ:

ਪਰੰਤੂ ਇਹ ਹੋਰ ਕਿ ਜੰਮੂ ਅਤੇ ਕਸ਼ਮੀਰ ਮਨੁੱਖੀ ਅਧਿਕਾਰ ਕਮਿਸ਼ਨ ਦੇ ਸੰਬੰਧ ਵਿੱਚ, ਇਹ ਉਪ-ਧਾਰਾ ਇਸ ਤਰ੍ਹਾਂ ਪ੍ਰਭਾਵੀ ਹੋਵੇਗੀ ਮਾਨੋਂ ''ਕੇਵਲ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ II ਅਤੇ ਸੂਚੀ III ਵਿੱਚ ਗਿਣੇ ਇੰਦਰਾਜਾਂ ਵਿੱਚੋਂ ਕਿਸੇ ਨਾਲ ਸੰਬੰਧਤ ਮਾਮਲਿਆਂ ਬਾਰੇ'' ਸ਼ਬਦ ਅਤੇ ਅੰਕਾਂ ਥਾਵੇਂ, ''ਜੰਮੂ ਅਤੇ ਕਸ਼ਮੀਰ ਰਾਜ ਨੂੰ ਯਥਾ-ਲਾਗੂ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ III ਵਿੱਚ ਗਿਣੇ ਇੰਦਰਾਜਾਂ ਵਿੱਚੋਂ ਕਿਸੇ ਨਾਲ ਸੰਬੰਧਤ ਮਾਮਲਿਆਂ ਬਾਰੇ ਅਤੇ ਉਨ੍ਹਾਂ ਮਾਮਲਿਆਂ ਬਾਰੇ ਜਿਨ੍ਹਾਂ ਦੇ ਸੰਬੰਧ ਵਿੱਚ ਉਸ ਰਾਜ ਦੇ ਵਿਧਾਨ-ਮੰਡਲ ਨੂੰ ਕਾਨੂੰਨ ਬਣਾਉਣ ਦੀ ਸ਼ਕਤੀ ਹੈ'' ਸ਼ਬਦ ਅਤੇ ਅੰਕ ਰੱਖ ਦਿੱਤੇ ਗਏ ਹੋਣ।

ਰਾਜ ਕਮਿਸ਼ਨ ਦੇ ਚੇਅਰਪਰਸਨ ਅਤੇ ਹੋਰ ਮੈਂਬਰਾਂ ਦੀ ਨਿਯੁਕਤੀ।

22. (1) ਚੇਅਰਪਰਸਨ ਅਤੇ ਹੋਰ ਮੈਂਬਰਾਂ ਨੂੰ ਰਾਜਪਾਲ ਆਪਣੇ ਦਸਖ਼ਤ ਅਤੇ ਮੁਹਰ ਨਾਲ ਵਰੰਟ ਦੁਆਰਾ ਨਿਯੁਕਤ ਕਰੇਗਾ :

ਪਰੰਤੂ ਇਸ ਉਪ-ਧਾਰਾ ਅਧੀਨ ਹਰਿਕ ਨਿਯੁਕਤੀ, ਹੇਠ-ਲਿਖਿਆਂ ਤੋਂ ਮਿਲਕੇ ਬਣੀ ਇਕ ਕਮੇਟੀ ਦੀ ਸਿਫ਼ਾਰਸ਼ ਹਾਸਲ ਕਰਨ ਪਿੱਛੋਂ, ਕੀਤੀ ਜਾਵੇਗੀ, ਅਰਥਾਤ :-

(ੳ) ਮੁੱਖ ਮੰਤਰੀ - ਚੇਅਰਪਰਸਨ;

(ਅ) ਵਿਧਾਨ ਸਭਾ ਦਾ ਸਪੀਕਰ - ਮੈਂਬਰ;

(ੲ) ਉਸ ਰਾਜ ਦੇ ਗ੍ਰਿਹਿ ਵਿਭਾਗ ਦਾ ਇੰਨਚਾਰਜ ਮੰਤਰੀ - ਮੈਂਬਰ;

(ਸ) ਵਿਧਾਨ ਸਭਾ - ਮੈਂਬਰ;
ਵਿਚ ਵਿਰੋਧੀ
ਧਿਰ ਦਾ ਨੇਤਾ

ਪਰੰਤੂ ਇਹ ਹੋਰ ਕਿ ਜਿੱਥੇ ਕਿਸੇ ਰਾਜ ਵਿੱਚ ਵਿਧਾਨ ਪਰਿਸ਼ਦ ਹੈ, ਉੱਥੇ ਉਸ ਪਰਿਸ਼ਦ ਦਾ ਚੇਅਰਮੈਨ ਅਤੇ ਉਸ ਪਰਿਸ਼ਦ ਵਿੱਚ ਵਿਰੋਧੀ ਧਿਰ ਦਾ ਨੇਤਾ ਵੀ ਕਮੇਟੀ ਦੇ ਮੈਂਬਰ ਹੋਣਗੇ:

ਪਰੰਤੂ ਇਹ ਵੀ ਕਿ ਉੱਚ ਅਦਾਲਤ ਦਾ ਕੋਈ ਵਰਤਮਾਨ ਜੱਜ ਜਾਂ ਕੋਈ ਵਰਤਮਾਨ ਜ਼ਿਲ੍ਹਾ ਜੱਜ, ਸੰਬੰਧਤ ਰਾਜ ਦੀ ਉੱਚ ਅਦਾਲਤ ਦੇ ਚੀਫ਼ ਜਸਟਿਸ ਨਾਲ ਮਸ਼ਵਰਾ ਕਰਨ ਤੋਂ ਪਿੱਛੋਂ ਹੀ ਨਿਯੁਕਤ ਕੀਤਾ ਜਾਵੇਗਾ, ਹੋਰਵੇ ਨਹੀਂ

(2) ਰਾਜ ਕਮਿਸ਼ਨ ਦੇ ਚੇਅਰਪਰਸਨ ਜਾਂ ਕਿਸੇ ਮੈਂਬਰ ਦੀ ਨਿਯੁਕਤੀ, ਕਮੇਟੀ ਵਿੱਚ ਨਿਰਾ ਕਿਸੇ ਖ਼ਾਲੀ ਥਾਂ ਕਾਰਨ, ਨਾਜਾਇਜ਼ ਨਹੀਂ ਹੋਵੇਗੀ।

**ਰਾਜ ਕਮਿਸ਼ਨ ਦੇ ਕਿਸੇ ਮੈਂਬਰ ਦਾ ਹਟਾਇਆ ਜਾਣਾ।**

23. (1) ਉਪ-ਧਾਰਾ (2) ਦੇ ਉਪਬੰਧਾਂ ਦੇ ਤਾਬੇ, ਰਾਜ ਕਮਿਸ਼ਨ ਦਾ ਚੇਅਰਪਰਸਨ ਜਾਂ ਕੋਈ ਹੋਰ ਮੈਂਬਰ ਆਪਣੇ ਅਹੁਦੇ ਤੋਂ ਕੇਵਲ ਸਾਬਤ ਹੋਏ ਕਦਾਚਾਰ ਜਾਂ ਅਸਮਰਥਾ ਦੇ ਆਧਾਰ ਤੇ ਰਾਸ਼ਟਰਪਤੀ ਦੇ ਦਿੱਤੇ ਹੁਕਮ ਦੁਆਰਾ ਹੀ ਹਟਾਇਆ ਜਾਵੇਗਾ, ਜੋ ਹੁਕਮ ਸਰਵ-ਉੱਚ ਅਦਾਲਤ ਨੂੰ ਰਾਸ਼ਟਰਪਤੀ ਦੁਆਰਾ ਹਵਾਲਾ ਕੀਤੇ ਜਾਣ ਤੇ, ਸਰਵ-ਉੱਚ ਅਦਾਲਤ ਦੁਆਰਾ ਉਸ ਨਮਿੱਤ ਮੁਕੱਰਰ ਜ਼ਾਬਤੇ ਦੀ ਅਨੁਸਾਰਤਾ ਵਿੱਚ ਕੀਤੀ ਗਈ ਜਾਂਚ ਤੇ, ਉਸ ਅਦਾਲਤ ਦੀ ਇਸ ਰਿਪੋਟ ਪਿੱਛੋਂ ਦਿੱਤਾ ਗਿਆ ਹੋਵੇ ਕਿ ਚੇਅਰਪਰਸਨ ਜਾਂ ਕਿਸੇ ਹੋਰ ਮੈਂਬਰ ਨੂੰ, ਜਿਹੀ ਕਿ ਸੂਰਤ ਹੋਵੇ, ਅਜਿਹੇ ਕਿਸੇ ਆਧਾਰ ਤੇ ਹਟਾ ਦਿੱਤਾ ਜਾਵੇ।

(2) ਉਪ-ਧਾਰਾ (1) ਵਿੱਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਸ਼ਟਰਪਤੀ ਹੁਕਮ ਦੁਆਰਾ ਚੇਅਰਪਰਸਨ ਜਾਂ ਕਿਸੇ ਹੋਰ ਮੈਂਬਰ ਨੂੰ ਅਹੁਦੇ ਤੋਂ ਹਟਾ ਸਕੇਗਾ ਜੇ ਉਹ ਚੇਅਰਪਰਸਨ ਜਾਂ ਅਜਿਹਾ ਹੋਰ ਮੈਂਬਰ, ਜਿਹੀ ਕਿ ਸੂਰਤ ਹੋਵੇ,—

(ੳ) ਦੀਵਾਲੀਆ ਨਿਆਂ-ਨਿਰਣਿਤ ਹੋ ਜਾਵੇ; ਜਾਂ

(ਅ) ਆਪਣੇ ਅਹੁਦੇ ਦੀ ਅਉਧ ਦੌਰਾਨ ਆਪਣੇ ਅਹੁਦੇ ਦੇ ਕਰੱਤਵਾਂ ਤੋਂ ਬਾਹਰ ਕਿਸੇ ਵੇਤਨਕ ਨਿਯੋਜਨ ਵਿੱਚ ਲੱਗ ਜਾਵੇ; ਜਾਂ

(ੲ) ਮਾਨਸਿਕ ਜਾਂ ਸਰੀਰਕ ਦੁਰਬਲਤਾ ਦੇ ਕਾਰਨ ਆਪਣੇ ਅਹੁਦੇ ਤੇ ਕਾਇਮ ਰਹਿਣ ਦੇ ਅਯੋਗ ਹੋਵੇ; ਜਾਂ

(ਸ) ਉਹ ਵਿਗੜ-ਚਿੱਤ ਹੋਵੇ ਅਤੇ ਸ਼ਕਤਵਾਨ ਅਦਾਲਤ ਨੇ ਉਸ ਨੂੰ ਅਜਿਹਾ ਐਲਾਨ ਰੱਖਿਆ ਹੋਵੇ; ਜਾਂ

(ਹ) ਉਹ ਕਿਸੇ ਅਜਿਹੇ ਅਪਰਾਧ ਲਈ ਸਿੱਧਦੋਸ਼ ਠਹਿਰਾਇਆ ਗਿਆ ਹੋਵੇ ਅਤੇ ਉਸ ਨੂੰ ਕੈਦ ਦਾ ਦੰਡ ਦਿੱਤਾ ਗਿਆ ਹੋਵੇ ਜੋ ਰਾਸ਼ਟਰਪਤੀ ਦੀ ਰਾਏ ਵਿੱਚ ਸਦਾਚਾਰਕ ਗਿਰਾਵਟ ਵਾਲਾ ਹੋਵੇ।

**ਰਾਜ ਕਮਿਸ਼ਨ ਦੇ ਮੈਂਬਰਾਂ ਦੇ ਅਹੁਦੇ ਦੀ ਅਉਧ।**

24. (1) ਕੋਈ ਵਿਅਕਤੀ, ਜੋ ਚੇਅਰਪਰਸਨ ਵਜੋਂ ਨਿਯੁਕਤ ਕੀਤਾ ਜਾਂਦਾ ਹੈ, ਆਪਣਾ ਅਹੁਦਾ ਸੰਭਾਲਣ ਦੀ ਤਰੀਕ ਤੋਂ ਪੰਜ ਸਾਲ ਦੀ ਅਉਧ ਤੱਕ ਜਾਂ ਜਦ ਤੱਕ ਉਹ ਸੱਤਰ ਸਾਲ ਦੀ ਉਮਰ ਪ੍ਰਾਪਤ ਨ ਕਰ ਲਵੇ, ਇਨ੍ਹਾਂ ਵਿੱਚੋਂ ਜੋ ਵੀ ਪਹਿਲਾਂ ਹੋਵੇ, ਆਪਣਾ ਅਹੁਦਾ ਧਾਰਨ ਕਰੇਗਾ।

(2) ਕੋਈ ਵਿਅਕਤੀ, ਜੋ ਮੈਂਬਰ ਵਜੋਂ ਨਿਯੁਕਤ ਕੀਤਾ ਜਾਂਦਾ ਹੈ, ਆਪਣਾ ਅਹੁਦਾ ਸੰਭਾਲਣ ਦੀ ਤਰੀਕ ਤੋਂ ਪੰਜ ਸਾਲ ਦੀ ਅਉਧ ਤੱਕ ਆਪਣਾ ਅਹੁਦਾ ਧਾਰਨ ਕਰੇਗਾ ਅਤੇ ਪੰਜ ਸਾਲ ਦੀ ਇਕ ਹੋਰ ਅਉਧ ਲਈ ਮੁੜ-ਨਿਯੁਕਤੀ ਦਾ ਪਾਤਰ ਹੋਵੇਗਾ:

ਪਰੰਤੂ ਕੋਈ ਮੈਂਬਰ ਸੱਤਰ ਸਾਲ ਦੀ ਉਮਰ ਪ੍ਰਾਪਤ ਕਰ ਲੈਣ ਪਿੱਛੋਂ ਅਹੁਦਾ ਧਾਰਨ ਨਹੀ ਕਰੇਗਾ।

(3) ਅਹੁਦੇ ਤੇ ਨ ਰਹਿਣ ਤੇ, ਚੇਅਰਪਰਸਨ ਜਾਂ ਕੋਈ ਹੋਰ ਮੈਂਬਰ, ਕਿਸੇ ਰਾਜ ਸਰਕਾਰ ਜਾਂ ਭਾਰਤ ਸਰਕਾਰ ਅਧੀਨ ਹੋਰ ਨਿਯੋਜਨ ਲਈ ਅਪਾਤਰ ਹੋਵੇਗਾ।

*ਮੈਂਬਰ ਦਾ ਚੇਅਰਪਰਸਨ ਵਜੋਂ ਕਾਰਜ ਕਰਨਾ ਜਾਂ ਕੁਝ ਕੁ ਹਾਲਾਤ ਵਿੱਚ ਉਸ ਦੇ ਕਾਜਕਾਰ ਨਿਭਾਉਣਾ।*

25. (1) ਚੇਅਰਪਰਸਨ ਦੀ ਮੌਤ, ਅਸਤੀਫ਼ੇ ਕਾਰਨ ਜਾਂ ਹੋਰਵੇਂ ਉਸ ਦੇ ਅਹੁਦੇ ਦੀ ਥਾਂ ਖ਼ਾਲੀ ਹੋਣ ਦੀ ਹਾਲਤ ਵਿੱਚ ਰਾਜਪਾਲ ਅਧਿਸੂਚਨਾ ਦੁਆਰਾ, ਅਜਿਹੀ ਖ਼ਾਲੀ ਥਾਂ ਨੂੰ ਭਰਨ ਲਈ ਕਿਸੇ ਨਵੇਂ ਚੇਅਰਪਰਸਨ ਦੀ ਨਿਯੁਕਤੀ ਤੱਕ, ਮੈਂਬਰਾਂ ਵਿੱਚੋਂ ਕਿਸੇ ਨੂੰ ਚੇਅਰਪਰਸਨ ਵਜੋਂ ਕਾਰਜ ਕਰਨ ਲਈ ਅਖ਼ਤਿਆਰਤ ਕਰ ਸਕੇਗਾ।

(2) ਜਦ ਚੇਅਰਪਰਸਨ ਛੁੱਟੀ ਲੈ ਕੇ ਗ਼ੈਰ-ਹਾਜ਼ਰ ਹੋਣ ਕਾਰਨ ਜਾਂ ਹੋਰਵੇਂ ਆਪਣੇ ਕਾਜਕਾਰ ਨਿਭਾਉਣ ਵਿੱਚ ਅਸਮਰਥ ਹੋਵੇ, ਤਦ ਮੈਂਬਰਾਂ ਵਿੱਚੋਂ ਅਜਿਹਾ ਕੋਈ ਮੈਂਬਰ, ਜਿਸ ਨੂੰ ਰਾਜਪਾਲ, ਅਧਿਸੂਚਨਾ ਦੁਆਰਾ ਇਸ ਨਮਿੱਤ ਅਖ਼ਤਿਆਰਤ ਕਰੇ, ਚੇਅਰਪਰਸਨ ਦੇ ਕਾਜਕਾਰ ਉਸ ਤਰੀਕ ਤੱਕ ਨਿਭਾਏਗਾ ਜਿਸ ਨੂੰ ਚੇਅਰਪਰਸਨ ਆਪਣੇ ਕਰੱਤਵ ਮੁੜ-ਸੰਭਾਲ ਲਵੇ।

*ਰਾਜ ਕਮਿਸ਼ਨ ਦੇ ਮੈਂਬਰਾਂ ਦੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ।*

26. ਮੈਂਬਰਾਂ ਨੂੰ ਅਦਾਇਗੀਯੋਗ ਤਨਖ਼ਾਹਾਂ ਅਤੇ ਭੱਤੇ ਅਤੇ ਉਨ੍ਹਾਂ ਦੀ ਸੇਵਾ ਦੇ ਹੋਰ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ ਜੋ ਰਾਜ ਸਰਕਾਰ ਦੁਆਰਾ ਮੁਕੱਰਰ ਕੀਤੀਆਂ ਜਾਣ:

ਪਰੰਤੂ ਮੈਂਬਰ ਦੀ ਨ ਤਾਂ ਤਨਖ਼ਾਹ ਅਤੇ ਭੱਤਿਆਂ ਵਿੱਚ ਅਤੇ ਨ ਉਸ ਦੀ ਸੇਵਾ ਦੇ ਹੋਰ ਨਿਬੰਧਨਾਂ ਅਤੇ ਸ਼ਰਤਾਂ ਵਿੱਚ, ਉਸ ਦੀ ਨਿਯੁਕਤੀ ਪਿੱਛੋਂ ਉਸ ਲਈ ਅਲਾਭਕਾਰੀ ਅਦਲ-ਬਦਲ ਕੀਤਾ ਜਾਵੇਗਾ।

*ਰਾਜ ਕਮਿਸ਼ਨ ਦੇ ਅਫ਼ਸਰ ਅਤੇ ਹੋਰ ਅਮਲਾ।*

27. (1) ਰਾਜ ਸਰਕਾਰ, ਕਮਿਸ਼ਨ ਨੂੰ ਹੇਠ-ਲਿਖੇ ਉਪਲੱਬਧ ਕਰਵਾਏਗੀ, ਅਰਥਾਤ :-

(ੳ) ਕੋਈ ਅਫ਼ਸਰ ਜਿਸ ਦਾ ਰੈਂਕ ਰਾਜ ਸਰਕਾਰ ਦੇ ਸਕੱਤਰ ਤੋਂ ਥੱਲੇ ਦਾ ਨ ਹੋਵੇ, ਜੋ ਰਾਜ ਕਮਿਸ਼ਨ ਦਾ ਸਕੱਤਰ ਹੋਵੇਗਾ; ਅਤੇ

(ਅ) ਅਜਿਹੇ ਅਫ਼ਸਰ ਅਧੀਨ, ਜਿਸ ਦਾ ਰੈਂਕ ਪੁਲਿਸ ਦੇ ਇਨਸਪੈਕਟਰ ਜਨਰਲ ਤੋਂ ਥੱਲੇ ਦਾ ਨ ਹੋਵੇ, ਅਜਿਹਾ ਪੁਲਿਸ ਅਤੇ ਤਫ਼ਤੀਸ਼ੀ ਅਮਲਾ ਅਤੇ ਅਜਿਹੇ ਹੋਰ ਅਫ਼ਸਰ ਅਤੇ ਅਮਲਾ ਜੋ ਕਮਿਸ਼ਨ ਦੇ ਕਾਜਕਾਰ ਕੁਸ਼ਲਤਾ ਨਾਲ ਨਿਭਾਉਣ ਲਈ ਜ਼ਰੂਰੀ ਹੋਵੇ।

(2) ਅਜਿਹੇ ਨਿਯਮਾਂ ਦੇ ਤਾਬੇ, ਜੋ ਰਾਜ ਸਰਕਾਰ ਦੁਆਰਾ ਇਸ ਨਮਿੱਤ ਬਣਾਏ ਜਾਣ, ਕਮਿਸ਼ਨ ਅਜਿਹਾ ਹੋਰ ਪ੍ਰਸ਼ਾਸਨਿਕ, ਤਕਨੀਕੀ ਅਤੇ ਵਿਗਿਆਨਕ ਅਮਲਾ ਨਿਯੁਕਤ ਕਰ ਸਕੇਗਾ ਜੋ ਉਹ ਜ਼ਰੂਰੀ ਸਮਝੇ।

(3) ਉਪ-ਧਾਰਾ (2) ਅਧੀਨ ਨਿਯੁਕਤ ਅਫ਼ਸਰਾਂ ਅਤੇ ਹੋਰ ਅਮਲੇ ਦੀ ਤਨਖਾਹ, ਭੱਤੇ ਅਤੇ ਸੇਵਾ ਦੀਆਂ ਸ਼ਰਤਾਂ ਅਜਿਹੀਆਂ ਹੋਣਗੀਆਂ ਜੋ ਮੁਕੱਰਰ ਕੀਤੀਆਂ ਜਾਣ।

*ਰਾਜ ਕਮਿਸ਼ਨ ਦੀਆਂ ਸਾਲਾਨਾ ਅਤੇ ਵਿਸ਼ੇਸ਼ ਰਿਪੋਟਾਂ।*

28. (1) ਰਾਜ ਕਮਿਸ਼ਨ, ਰਾਜ ਸਰਕਾਰ ਨੂੰ ਸਾਲਾਨਾ ਰਿਪੋਟ ਪੇਸ਼ ਕਰੇਗਾ ਅਤੇ ਕਿਸੇ ਸਮੇਂ ਵੀ ਅਜਿਹੇ ਮਾਮਲੇ ਦੀ, ਜੋ ਉਸ ਦੀ ਰਾਏ ਵਿੱਚ ਇਤਨਾ ਫ਼ੌਰੀ ਜਾਂ ਮਹੱਤਵਪੂਰਨ ਹੈ ਕਿ ਉਸ ਦਾ, ਸਾਲਾਨਾ

ਰਿਪੋਟ ਦੇ ਪੇਸ਼ ਕੀਤੇ ਜਾਣ ਤੱਕ ਸਥੱਗਤ ਨਹੀ ਕੀਤਾ ਜਾਣਾ ਚਾਹੀਦਾ, ਵਿਸ਼ੇਸ਼ ਰਿਪੋਟਾਂ ਪੇਸ਼ ਕਰ ਸਕੇਗਾ।

(2) ਰਾਜ ਸਰਕਾਰ, ਰਾਜ ਕਮਿਸ਼ਨ ਦੀਆਂ ਸਾਲਾਨਾ ਅਤੇ ਵਿਸ਼ੇਸ਼ ਰਿਪੋਟਾਂ ਨੂੰ ਰਾਜ ਕਮਿਸ਼ਨ ਦੀਆਂ ਸਿਫਾਰਸ਼ਾਂ ਤੇ ਕੀਤੀ ਜਾਂ ਕੀਤੀ ਜਾਣੀ ਤਜਵੀਜ਼ ਕੀਤੀ ਕਾਰਵਾਈ ਦੇ ਮੈਮੋਰੈਂਡਮ ਦੇ ਨਾਲ ਨਾਲ ਅਤੇ ਸਿਫਾਰਸ਼ਾਂ ਦੀ ਅਸਵੀਕ੍ਰਿਤੀ ਦੇ ਕਾਰਨਾਂ ਸਮੇਤ, ਜੇ ਕੋਈ ਹੋਣ, ਜਿੱਥੇ ਰਾਜ ਵਿਧਾਨ-ਮੰਡਲ ਦੋ ਸਦਨਾਂ ਤੋਂ ਮਿਲਕੇ ਬਣਦਾ ਹੈ, ਉੱਥੇ ਹਰੇਕ ਸਦਨ ਅੱਗੇ, ਜਾਂ ਜਿੱਥੇ ਅਜਿਹਾ ਵਿਧਾਨ-ਮੰਡਲ ਇਕ ਸਦਨ ਤੋਂ ਮਿਲਕੇ ਬਣਦਾ ਹੈ, ਉੱਥੇ ਉਸ ਸਦਨ ਅੱਗੇ, ਰਖਵਾਏਗੀ।

ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨਾਲ ਸੰਬੰਧਤ ਕੁਝ ਕੁ ਉਪਬੰਧਾਂ ਦਾ ਰਾਜ ਕਮਿਸ਼ਨਾਂ ਨੂੰ ਲਾਗੂ ਹੋਣਾ।

29. ਧਾਰਾ 9, ਧਾਰਾ 10, ਧਾਰਾ 12, ਧਾਰਾ 13, ਧਾਰਾ 14, ਧਾਰਾ 15, ਧਾਰਾ 16, ਧਾਰਾ 17, ਅਤੇ ਧਾਰਾ 18, ਦੇ ਉਪਬੰਧ ਰਾਜ ਕਮਿਸ਼ਨ ਨੂੰ ਲਾਗੂ ਹੋਣਗੇ ਅਤੇ ਉਹ ਹੇਠ-ਲਿਖੇ ਰੂਪ-ਭੇਦਾਂ ਦੇ ਤਾਬੇ ਪ੍ਰਭਾਵੀ ਹੋਣਗੇ, ਅਰਥਾਤ:-

(ੳ) ''ਕਮਿਸ਼ਨ'' ਦੇ ਪ੍ਰਤੀ ਹਵਾਲਿਆਂ ਦਾ ਅਰਥ ''ਰਾਜ ਕਮਿਸ਼ਨ'' ਦੇ ਪ੍ਰਤੀ ਹਵਾਲਿਆਂ ਵਜੋਂ ਕੀਤਾ ਜਾਵੇਗਾ;

(ਅ) ਧਾਰਾ 10 ਵਿੱਚ, ਉਪ-ਧਾਰਾ (3) ਵਿੱਚ, ''ਸਕੱਤਰ-ਜਨਰਲ'' ਸ਼ਬਦ ਦੀ ਥਾਵੇਂ ''ਸਕੱਤਰ '' ਰੱਖਿਆ ਜਾਵੇਗਾ;

(ੲ) ਧਾਰਾ 12 ਵਿੱਚ, ਖੰਡ (ਕ) ਲੋਪ ਕੀਤਾ ਜਾਵੇਗਾ;

(ਸ) ਧਾਰਾ 17 ਵਿੱਚ, ਖੰਡ (i) ਵਿੱਚ ''ਕੇਂਦਰੀ ਸਰਕਾਰ ਜਾਂ ਕਿਸੇ'' ਸ਼ਬਦ ਲੋਪ ਕੀਤੇ ਜਾਣਗੇ

## ਅਧਿਆਏ VI

## ਮਨੁੱਖੀ ਅਧਿਕਾਰ ਅਦਾਲਤਾਂ

ਮਨੁੱਖੀ ਅਧਿਕਾਰ ਅਦਾਲਤਾਂ।

30. ਮਨੁੱਖੀ ਅਧਿਕਾਰਾਂ ਦੀ ਖ਼ਿਲਾਫ਼ਵਰਜ਼ੀ ਤੋਂ ਪੈਦਾ ਹੋਣ ਵਾਲੇ ਅਪਰਾਧਾਂ ਦਾ ਸ਼ੀਘਰ ਵਿਚਾਰਣ ਕਰਨ ਲਈ ਉਪਬੰਧ ਕਰਨ ਦੇ ਪ੍ਰਯੋਜਨ ਲਈ, ਰਾਜ ਸਰਕਾਰ, ਉੱਚ ਅਦਾਲਤ ਦੇ ਚੀਫ਼ ਜਸਟਿਸ ਦੀ ਸਹਿਮਤੀ ਨਾਲ ਅਧਿਸੂਚਨਾ ਦੁਆਰਾ, ਉਕਤ ਅਪਰਾਧਾਂ ਦਾ ਵਿਚਾਰਣ ਕਰਨ ਲਈ, ਹਰੇਕ ਜ਼ਿਲੇ ਦੀ ਸੈਸ਼ਨ ਅਦਾਲਤ ਨੂੰ ਮਨੁੱਖੀ ਅਧਿਕਾਰ ਅਦਾਲਤ ਵਜੋਂ ਉਲਿੱਖਤ ਕਰ ਸਕੇਗੀ:

ਪਰੰਤੂ ਇਸ ਧਾਰਾ ਦੀ ਕੋਈ ਗੱਲ ਤਦ ਲਾਗੂ ਨਹੀਂ ਹੋਵੇਗੀ, ਜਦ ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਅਧੀਨ ਅਜਿਹੇ ਅਪਰਾਧਾਂ ਲਈ,-

(ੳ) ਕੋਈ ਸੈਸ਼ਨ ਅਦਾਲਤ ਪਹਿਲਾਂ ਤੋਂ ਹੀ ਵਿਸ਼ੇਸ਼ ਅਦਾਲਤ ਵਜੋਂ ਉਲਿੱਖਤ ਕੀਤੀ ਗਈ ਹੈ; ਜਾਂ

(ਅ) ਕੋਈ ਵਿਸ਼ੇਸ਼ ਅਦਾਲਤ ਪਹਿਲਾਂ ਤੋਂ ਹੀ ਗਠਤ ਕੀਤੀ ਗਈ ਹੈ

ਵਿਸ਼ੇਸ਼ ਪਬਲਿਕ ਪ੍ਰਾਸੀਕਿਊਟਰ।

31. ਰਾਜ ਸਰਕਾਰ, ਹਰਿਕ ਮਨੁੱਖੀ ਅਧਿਕਾਰ ਅਦਾਲਤ ਲਈ, ਅਧਿਸੂਚਨਾ ਦੁਆਰਾ, ਇਕ ਪਬਲਿਕ ਪ੍ਰਾਸੀਕਿਊਟਰ ਉਲਿੱਖਤ ਕਰੇਗੀ ਜਾਂ ਕਿਸੇ ਅਜਿਹੇ ਐਡਵੋਕੇਟ ਨੂੰ, ਜਿਸ ਨੇ ਘੱਟ ਤੋਂ ਘੱਟ ਸੱਤ ਸਾਲ ਤੱਕ ਐਡਵੋਕੇਟ ਦੇ ਤੌਰ ਤੇ ਪ੍ਰੈਕਟਿਸ ਕੀਤੀ ਹੋਵੇ, ਉਸ ਅਦਾਲਤ ਵਿੱਚ ਮਾਮਲਿਆਂ ਦੇ ਸੰਚਾਲਣ ਦੇ ਪ੍ਰਯੋਜਨ ਲਈ, ਵਿਸ਼ੇਸ਼ ਪਬਲਿਕ ਪ੍ਰਾਸੀਕਿਊਟਰ ਵਜੋਂ ਨਿਯੁਕਤ ਕਰੇਗੀ।

## ਅਧਿਆਏ VII

## ਵਿੱਤ, ਲੇਖੇ ਅਤੇ ਆਡਿਟ

ਕੇਂਦਰੀ ਸਰਕਾਰ ਦੁਆਰਾ ਗ੍ਰਾਂਟਾਂ।

32. (1) ਕੇਂਦਰੀ ਸਰਕਾਰ, ਸੰਸਦ ਦੁਆਰਾ ਕਾਨੂੰਨ ਦੁਆਰਾ ਇਸ ਨਮਿੱਤ ਯੋਗ ਨਮਿੱਤਣ ਪਿੱਛੋਂ, ਕਮਿਸ਼ਨ ਨੂੰ ਅਜਿਹੀਆਂ ਧਨ-ਰਾਸ਼ੀਆਂ ਗ੍ਰਾਂਟਾਂ ਦੇ ਤੌਰ ਤੇ ਅਦਾ ਕਰੇਗੀ ਜੋ ਕੇਂਦਰੀ ਸਰਕਾਰ ਇਸ ਐਕਟ ਦੇ ਪ੍ਰਯੋਜਨਾਂ ਲਈ ਉਪਯੋਗ ਕੀਤੇ ਜਾਣ ਲਈ ਠੀਕ ਸਮਝੇ।

(2) ਕਮਿਸ਼ਨ, ਇਸ ਐਕਟ ਅਧੀਨ ਆਪਣੇ ਕਾਜਕਾਰ ਕਰਨ ਲਈ, ਇਤਨੀਆਂ ਰਾਸ਼ੀਆਂ ਖ਼ਰਚ ਕਰ ਸਕੇਗਾ ਜੋ ਉਹ ਠੀਕ ਸਮਝੇ ਅਤੇ ਅਜਿਹੀਆਂ ਰਾਸ਼ੀਆਂ ਉਪ-ਧਾਰਾ (1) ਵਿੱਚ ਹਵਾਲਾ ਦਿੱਤੀਆਂ ਗ੍ਰਾਂਟਾਂ ਵਿੱਚੋਂ ਅਦਾਇਗੀਯੋਗ ਖ਼ਰਚ ਮੰਨੀਆਂ ਜਾਣਗੀਆਂ ।

ਰਾਜ ਸਰਕਾਰ ਦੁਆਰਾ ਗ੍ਰਾਂਟਾਂ।

33. (1) ਰਾਜ ਸਰਕਾਰ, ਵਿਧਾਨ-ਮੰਡਲ ਦੁਆਰਾ, ਕਾਨੂੰਨ ਦੁਆਰਾ ਇਸ ਨਮਿੱਤ ਯੋਗ ਨਮਿੱਤਣ ਪਿੱਛੋਂ, ਰਾਜ ਕਮਿਸ਼ਨ ਨੂੰ ਅਜਿਹੀਆਂ ਧਨ-ਰਾਸ਼ੀਆਂ ਗ੍ਰਾਂਟਾਂ ਦੇ ਤੌਰ ਤੇ ਅਦਾ ਕਰੇਗੀ ਜੋ ਰਾਜ ਸਰਕਾਰ ਇਸ ਐਕਟ ਦੇ ਪ੍ਰਯੋਜਨਾਂ ਲਈ ਉਪਯੋਗ ਕੀਤੇ ਜਾਣ ਲਈ ਠੀਕ ਸਮਝੇ।

(2) ਰਾਜ ਕਮਿਸ਼ਨ, ਅਧਿਆਏ V ਅਧੀਨ ਕਾਜਕਾਰ ਕਰਨ ਲਈ, ਇਤਨੀਆਂ ਰਾਸ਼ੀਆਂ ਖ਼ਰਚ ਕਰ ਸਕੇਗਾ ਜੋ ਉਹ ਠੀਕ ਸਮਝੇ ਅਤੇ ਅਜਿਹੀਆਂ ਰਾਸ਼ੀਆਂ ਉਪ-ਧਾਰਾ (1) ਵਿੱਚ ਹਵਾਲਾ ਦਿੱਤੀਆਂ ਗ੍ਰਾਂਟਾਂ ਵਿੱਚੋਂ ਅਦਾਇਗੀਯੋਗ ਖ਼ਰਚ ਮੰਨੀਆਂ ਜਾਣਗੀਆਂ।

ਲੇਖੇ ਅਤੇ ਆਡਿਟ।

34. (1) ਕਮਿਸ਼ਨ, ਉਚਿਤ ਲੇਖੇ ਅਤੇ ਹੋਰ ਸੁਸੰਗਤ ਰਿਕਾਰਡ ਰੱਖੇਗਾ ਅਤੇ ਲੇਖਿਆਂ ਦਾ ਇਕ ਸਾਲਾਨਾ ਵਿਵਰਣ ਅਜਿਹੇ ਫ਼ਾਰਮ ਵਿੱਚ ਤਿਆਰ ਕਰੇਗਾ ਜੋ ਕੇਂਦਰੀ ਸਰਕਾਰ ਦੁਆਰਾ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ-ਜਨਰਲ ਦੇ ਮਸ਼ਵਰੇ ਨਾਲ ਮੁਕੱਰਰ ਕੀਤਾ ਜਾਵੇ।

(2) ਕਮਿਸ਼ਨ ਦੇ ਲੇਖਿਆਂ ਦਾ ਆਡਿਟ ਅਜਿਹੇ ਵਕਫ਼ਿਆਂ ਤੇ ਕੰਪਟਰੋਲਰ ਅਤੇ ਆਡੀਟਰ-ਜਨਰਲ ਦੁਆਰਾ ਕੀਤਾ ਜਾਵੇਗਾ ਜੋ ਉਸ ਦੁਆਰਾ ਉਲਿੱਖਤ ਕੀਤੇ ਜਾਣ, ਅਤੇ ਅਜਿਹੇ ਆਡਿਟ ਦੇ ਤੱਲਕ ਵਿੱਚ ਉਸ ਦੁਆਰਾ ਉਠਾਇਆ ਗਿਆ ਕੋਈ ਖ਼ਰਚ ਕਮਿਸ਼ਨ ਦੁਆਰਾ ਕੰਪਟਰੋਲਰ ਅਤੇ ਆਡੀਟਰ-ਜਨਰਲ ਨੂੰ ਅਦਾਇਗੀਯੋਗੀ ਹੋਵੇਗਾ।

(3) ਕੰਪਟਰੋਲਰ ਅਤੇ ਆਡੀਟਰ-ਜਨਰਲ ਅਤੇ ਇਸ ਐਕਟ ਅਧੀਨ ਕਮਿਸ਼ਨ ਦੇ ਲੇਖਿਆਂ ਦੇ ਆਡਿਟ ਦੇ ਤਲੱਕ ਵਿੱਚ ਉਸ ਦੁਆਰਾ ਨਿਯੁਕਤ ਕੀਤੇ ਕਿਸੇ ਵਿਅਕਤੀ ਦੇ ਅਜਿਹੇ ਆਡਿਟ ਦੇ ਤਲੱਕ ਵਿੱਚ ਉਹੀ ਅਧਿਕਾਰ ਅਤੇ ਵਿਸ਼ੇਸ਼ਾਧਿਕਾਰ ਅਤੇ ਅਥਾਰਟੀ ਹੋਵੇਗੀ ਜੋ ਕੰਪਟਰੋਲਰ ਅਤੇ ਆਡੀਟਰ-ਜਨਰਲ ਦੀ ਸਰਕਾਰੀ ਲੇਖਿਆਂ ਦਾ ਆਡਿਟ ਕਰਨ ਦੇ ਤਲੱਕ ਵਿਚ ਆਮ ਤੌਰ ਤੇ ਹੁੰਦੀ ਹੈ ਅਤੇ, ਖਾਸ ਕਰਕੇ, ਉਸ ਨੂੰ ਕਿਤਾਬਾਂ, ਲੇਖਿਆਂ, ਮੁਤੱਲਕਾ ਵਾਊਚਰਾਂ ਅਤੇ ਹੋਰ ਦਸਤਾਵੇਜ਼ਾਂ ਅਤੇ ਕਾਗਜ਼ਾਂ ਦੇ ਪੇਸ਼ ਕੀਤੇ ਜਾਣ ਦੀ ਮੰਗ ਕਰਨ ਅਤੇ ਕਮਿਸ਼ਨ ਦੇ ਦਫ਼ਤਰਾਂ ਵਿੱਚੋਂ ਕਿਸੇ ਦਾ ਨਿਰੀਖਣ ਕਰਨ ਦਾ ਅਧਿਕਾਰ ਹੋਵੇਗਾ।

(4) ਕਮਿਸ਼ਨ ਦੇ ਲੇਖੇ ਜਿਵੇਂ ਉਹ ਕੰਪਟਰੋਲਰ ਅਤੇ ਆਡੀਟਰ-ਜਨਰਲ ਦੁਆਰਾ ਜਾਂ ਇਸ ਨਮਿੱਤ ਉਸ ਦੁਆਰਾ ਨਿਯੁਕਤ ਕੀਤੇ ਕਿਸੇ ਹੋਰ ਵਿਅਕਤੀ ਦੁਆਰਾ ਪ੍ਰਮਾਣਤ ਕੀਤੇ ਜਾਣ, ਉਨ੍ਹਾਂ ਤੇ ਆਡਿਟ ਰਿਪੋਟ ਸਮੇਤ, ਹਰ ਸਾਲ ਕਮਿਸ਼ਨ ਦੁਆਰਾ ਕੇਂਦਰੀ ਸਰਕਾਰ ਨੂੰ ਭੇਜੇ ਜਾਣਗੇ ਅਤੇ ਕੇਂਦਰੀ ਸਰਕਾਰ ਅਜਿਹੀ ਆਡਿਟ ਰਿਪੋਟ ਨੂੰ, ਉਸ ਦੇ ਪ੍ਰਾਪਤ ਹੋਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਸੰਸਦ ਦੇ ਹਰੇਕ ਸਦਨ ਅੱਗੇ ਰੱਖਵਾਏਗੀ।

ਰਾਜ ਕਮਿਸ਼ਨ ਦੇ ਲੇਖੇ ਅਤੇ ਆਡਿਟ।

35. (1) ਰਾਜ ਕਮਿਸ਼ਨ ਉਚਿਤ ਲੇਖੇ ਅਤੇ ਹੋਰ ਸੁਸੰਗਤ ਰਿਕਾਰਡ ਰੱਖੇਗਾ ਅਤੇ ਲੇਖਿਆਂ ਦਾ ਇਕ ਸਾਲਾਨਾ ਵਿਵਰਣ, ਅਜਿਹੇ ਫ਼ਾਰਮ ਵਿੱਚ ਤਿਆਰ ਕਰੇਗਾ ਜੋ ਰਾਜ ਸਰਕਾਰ ਦੁਆਰਾ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੇ ਮਸ਼ਵਰੇ ਨਾਲ, ਮੁਕੱਰਰ ਕੀਤਾ ਜਾਵੇ।

(2) ਰਾਜ ਕਮਿਸ਼ਨ ਦੇ ਲੇਖਿਆਂ ਦਾ ਆਡਿਟ ਅਜਿਹੇ ਵਕਫ਼ਿਆਂ ਤੇ ਕੰਪਟਰੋਲਰ ਅਤੇ ਆਡੀਟਰ-ਜਨਰਲ ਦੁਆਰਾ ਕੀਤਾ ਜਾਵੇਗਾ ਜੋ ਉਸ ਦੁਆਰਾ ਉਲਿਖਤ ਕੀਤੇ ਜਾਣ ਅਤੇ ਅਜਿਹੇ ਆਡਿਟ ਦੇ ਤੱਲਕ ਵਿੱਚ ਉਸ ਦੁਆਰਾ ਉਠਾਇਆ ਗਿਆ ਕੋਈ ਖ਼ਰਚ ਰਾਜ ਕਮਿਸ਼ਨ ਦੁਆਰਾ ਕੰਪਟਰੋਲਰ ਅਤੇ ਆਡੀਟਰ-ਜਨਰਲ ਨੂੰ ਅਦਾਇਗੀਯੋਗ ਹੋਵੇਗਾ।

(3) ਕੰਪਟਰੋਲਰ ਅਤੇ ਆਡੀਟਰ-ਜਨਰਲ ਅਤੇ ਇਸ ਐਕਟ ਅਧੀਨ ਰਾਜ ਕਮਿਸ਼ਨ ਦੇ ਲੇਖਿਆਂ ਦੇ ਆਡਿਟ ਦੇ ਤਲੱਕ ਵਿਚ ਉਸ ਦੁਆਰਾ ਨਿਯੁਕਤ ਕੀਤੇ ਕਿਸੇ ਵਿਅਕਤੀ ਦੇ ਅਜਿਹੇ ਆਡਿਟ ਦੇ ਤੱਲਕ ਵਿੱਚ ਉਹੀ ਅਧਿਕਾਰ ਅਤੇ ਵਿਸ਼ੇਸ਼ਾਧਿਕਾਰ ਅਤੇ ਅਥਾਰਟੀ ਹੋਵੇਗੀ ਜੋ ਕੰਪਟਰੋਲਰ ਅਤੇ ਆਡੀਟਰ-ਜਨਰਲ ਦੀ ਸਰਕਾਰੀ ਲੇਖਿਆਂ ਦਾ ਆਡਿਟ ਕਰਨ ਦੇ ਤੱਲਕ ਵਿੱਚ ਆਮ ਤੌਰ ਤੇ ਹੁੰਦੀ ਹੈ ਅਤੇ, ਖਾਸ ਕਰਕੇ, ਉਸ ਨੂੰ ਕਿਤਾਬਾਂ, ਲੇਖਿਆਂ, ਮੁੱਤਲਕਾ ਵਾਊਚਰਾਂ ਅਤੇ ਹੋਰ ਦਸਤਾਵੇਜ਼ਾਂ ਅਤੇ ਕਾਗਜ਼ਾਂ ਦੇ ਪੇਸ਼ ਕੀਤੇ ਜਾਣ ਦੀ ਮੰਗ ਕਰਨ ਅਤੇ ਕਮਿਸ਼ਨ ਦੇ ਦਫ਼ਤਰਾਂ ਵਿੱਚੋਂ ਕਿਸੇ ਦਾ ਨਿਰੀਖਣ ਕਰਨ ਦਾ ਅਧਿਕਾਰ ਹੋਵੇਗਾ।

(4) ਰਾਜ ਕਮਿਸ਼ਨ ਦੇ ਲੇਖੇ ਜਿਵੇਂ ਉਹ ਕੰਪਟਰੋਲਰ ਅਤੇ ਆਡੀਟਰ-ਜਨਰਲ ਦੁਆਰਾ ਜਾਂ ਇਸ ਨਮਿੱਤ ਉਸ ਦੁਆਰਾ ਨਿਯੁਕਤ ਕੀਤੇ ਕਿਸੇ ਹੋਰ ਵਿਅਕਤੀ ਦੁਆਰਾ ਪ੍ਰਮਾਣਤ ਕੀਤੇ ਜਾਣ, ਉਨ੍ਹਾਂ ਤੇ ਆਡਿਟ ਰਿਪੋਟ ਸਮੇਤ, ਹਰ ਸਾਲ ਰਾਜ ਕਮਿਸ਼ਨ ਦੁਆਰਾਂ ਰਾਜ ਸਰਕਾਰ ਨੂੰ ਭੇਜੇ ਜਾਣਗੇ ਅਤੇ ਰਾਜ ਸਰਕਾਰ ਅਜਿਹੀ ਆਡਿਟ ਰਿਪੋਟ ਨੂੰ ਉਸ ਦੇ ਪ੍ਰਾਪਤ ਹੋਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ-ਮੰਡਲ ਅੱਗੇ ਰੱਖਵਾਏਗੀ।

## ਅਧਿਆਏ VIII

## ਫੁਟਕਲ

ਕਮਿਸ਼ਨ ਦੀ ਅਧਿਕਾਰਤਾ ਦੇ ਤਾਬੇ ਨ ਹੋਣ ਵਾਲੇ ਮਾਮਲੇ।

36. (1) ਕਮਿਸ਼ਨ ਕਿਸੇ ਅਜਿਹੇ ਮਾਮਲੇ ਦੀ ਜਾਂਚ ਨਹੀਂ ਕਰੇਗਾ ਜੋ ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਅਧੀਨ ਠੀਕ ਤੌਰ ਤੇ ਗਠਤ ਕਿਸੇ ਰਾਜ ਕਮਿਸ਼ਨ ਜਾਂ ਕਿਸੇ ਹੋਰ ਕਮਿਸ਼ਨ ਅੱਗੇ ਲੰਬਤ ਹੈ।

(2) ਕਮਿਸ਼ਨ ਜਾਂ ਰਾਜ ਕਮਿਸ਼ਨ, ਉਸ ਤਰੀਕ ਤੋਂ ਜਿਸ ਨੂੰ ਮਨੁੱਖੀ ਅਧਿਕਾਰਾਂ ਦੀ ਖ਼ਿਲਾਫ਼ਵਰਜ਼ੀ ਗਠਤ ਕਰਨ ਵਾਲੇ ਕਾਰਜ ਦਾ ਕੀਤਾ ਜਾਣਾ ਕਥਤ ਹੈ, ਇਕ ਸਾਲ ਦੇ ਗੁਜ਼ਰਨ ਪਿਛੋਂ ਕਿਸੇ ਮਾਮਲੇ ਦੀ ਜਾਂਚ ਨਹੀਂ ਕਰੇਗਾ।

ਵਿਸ਼ੇਸ਼ ਤਫ਼ਤੀਸ਼ੀ ਦਲਾਂ ਦਾ ਗਠਨ।

37. ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੇ ਸਰਕਾਰ ਦਾ ਵਿਚਾਰ ਹੈ ਕਿ ਇਸ ਤਰ੍ਹਾਂ ਕਰਨਾ ਜ਼ਰੂਰੀ ਹੈ, ਉੱਥੇ ਉਹ ਇਕ ਜਾਂ ਵੱਧ ਵਿਸ਼ੇਸ਼ ਤਫ਼ਤੀਸ਼ੀ ਦਲਾਂ ਦਾ ਗਠਨ ਕਰ ਸਕੇਗੀ, ਜਿਸ ਵਿੱਚ ਉਤਨੇ ਪੁਲਿਸ ਅਫ਼ਸਰ ਹੋਣਗੇ ਜਿਤਨੇ ਉਹ ਮਨੁੱਖੀ ਅਧਿਕਾਰਾਂ ਦੀ ਖ਼ਿਲਾਫ਼ਵਰਜ਼ੀ ਤੋਂ ਪੈਦਾ ਹੋਣ ਵਾਲੇ ਅਪਰਾਧਾਂ ਦੀ ਤਫ਼ਤੀਸ਼ ਅਤੇ ਪ੍ਰਾਸੀਕਿਊਸ਼ਨ ਦੇ ਪ੍ਰਯੋਜਨਾਂ ਲਈ ਜ਼ਰੂਰੀ ਸਮਝਦੀ ਹੈ।

ਨੇਕ ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਉ।

38. ਇਸ ਐਕਟ ਜਾਂ ਇਸ ਅਧੀਨ ਬਣਾਏ ਕਿਸੇ ਨਿਯਮ ਜਾਂ ਕੀਤੇ ਕਿਸੇ ਹੁਕਮ ਦੇ ਅਨੁਸਰਣ ਵਿੱਚ ਨੇਕ ਨੀਤੀ ਨਾਲ ਕੀਤੀ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਬਾਰੇ ਜਾਂ ਕਿਸੇ ਰਿਪੋਟ, ਕਾਗਜ਼-ਪੱਤਰ, ਜਾਂ ਕਾਰਵਾਈ ਦੇ ਕੇਂਦਰੀ ਸਰਕਾਰ, ਰਾਜ ਸਰਕਾਰ, ਕਮਿਸ਼ਨ ਜਾਂ ਰਾਜ ਕਮਿਸ਼ਨ ਦੀ ਅਥਾਰਟੀ ਦੁਆਰਾ ਜਾਂ ਉਸ ਅਧੀਨ ਕਿਸੇ ਪ੍ਰਕਾਸ਼ਨ ਬਾਰੇ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ, ਕੇਂਦਰੀ ਸਰਕਾਰ, ਰਾਜ

ਸਰਕਾਰ, ਕਮਿਸ਼ਨ, ਰਾਜ ਕਮਿਸ਼ਨ ਜਾਂ ਉਸਦੇ ਕਿਸੇ ਮੈਂਬਰ ਜਾਂ ਕੇਂਦਰੀ ਸਰਕਾਰ, ਰਾਜ ਸਰਕਾਰ, ਕਮਿਸ਼ਨ ਜਾਂ ਰਾਜ ਕਮਿਸ਼ਨ ਦੇ ਨਿਦੇਸ਼ ਅਧੀਨ ਕਾਰਜ ਕਰਨ ਵਾਲੇ ਕਿਸੇ ਵਿਅਕਤੀ ਦੇ ਵਿਰੁੱਧ ਨਹੀਂ ਹੋਵੇਗੀ।

ਮੈਂਬਰਾਂ ਅਤੇ ਅਫ਼ਸਰਾਂ ਦਾ ਲੋਕ ਸੇਵਕ ਹੋਣਾ।

39. ਕਮਿਸ਼ਨ ਜਾਂ ਰਾਜ ਕਮਿਸ਼ਨ ਦਾ ਹਰਿਕ ਮੈਂਬਰ ਅਤੇ ਇਸ ਐਕਟ ਅਧੀਨ ਕਾਜਕਾਰ ਨਜਿੱਠਣ ਲਈ ਕਮਿਸ਼ਨ ਜਾਂ ਰਾਜ ਕਮਿਸ਼ਨ ਦੁਆਰਾ ਨਿਯੁਕਤ ਜਾਂ ਅਖ਼ਿਤਆਰਤ ਹਰਿਕ ਅਫ਼ਸਰ, ਭਾਰਤੀ ਦੰਡ ਸੰਘਤਾ ਦੀ ਧਾਰਾ 21 ਦੇ ਅਰਥ ਅੰਦਰ ਲੋਕ ਸੇਵਕ ਸਮਝਿਆ ਜਾਵੇਗਾ। 1860 ਦਾ 45

ਕੇਂਦਰੀ ਸਰਕਾਰ ਦੀ ਨਿਯਮ ਬਣਾਉਣ ਦੀ ਸ਼ਕਤੀ।

40. (1) ਕੇਂਦਰੀ ਸਰਕਾਰ, ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ ਅਧਿਸੂਚਨਾ ਦੁਆਰਾ, ਨਿਯਮ ਬਣਾ ਸਕੇਗੀ।

(2) ਖਾਸ ਕਰਕੇ, ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮਾਂ ਵਿੱਚ ਹੇਠ-ਲਿਖੇ ਸਭ ਮਾਮਲਿਆਂ ਜਾਂ ਉਨ੍ਹਾਂ ਵਿਚੋਂ ਕਿਸੇ ਲਈ ਉਪਬੰਧ ਕੀਤਾ ਜਾ ਸਕੇਗਾ, ਅਰਥਾਤ :-

(ੳ) ਧਾਰਾ 8 ਅਧੀਨ ਮੈਂਬਰਾਂ ਦੀਆਂ ਤਨਖ਼ਾਹਾਂ ਅਤੇ ਭੱਤੇ ਅਤੇ ਸੇਵਾ ਦੇ ਹੋਰ ਨਿਬੰਧਨ ਅਤੇ ਸ਼ਰਤਾਂ;

(ਅ) ਉਹ ਸ਼ਰਤਾਂ ਜਿਨ੍ਹਾਂ ਦੇ ਤਾਬੇ ਹੋਰ ਪ੍ਰਸ਼ਾਸਨਿਕ, ਤਕਨੀਕੀ ਅਤੇ ਵਿਗਿਆਨਕ ਅਮਲਾ ਰਾਜ ਕਮਿਸ਼ਨ ਦੁਆਰਾ ਨਿਯੁਕਤ ਕੀਤਾ ਜਾ ਸਕੇਗਾ ਅਤੇ ਧਾਰਾ 11 ਦੀ ਉਪ-ਧਾਰਾ (3) ਅਧੀਨ ਅਫ਼ਸਰਾਂ ਅਤੇ ਹੋਰ ਅਮਲੇ ਦੀਆਂ ਤਨਖ਼ਾਹਾਂ ਅਤੇ ਭੱਤੇ;

(ੲ) ਦੀਵਾਨੀ ਅਦਾਲਤ ਦੀ ਕੋਈ ਹੋਰ ਸ਼ਕਤੀ, ਜੋ ਧਾਰਾ 13 ਦੀ ਉਪ-ਧਾਰਾ (1) ਦੇ ਖੰਡ (ਕ) ਅਧੀਨ ਮੁਕੱਰਰ ਕੀਤੀ ਜਾਣੀ ਲੋੜੀਦੀ ਹੈ;

(ਸ) ਉਹ ਫ਼ਾਰਮ, ਜਿਸ ਵਿੱਚ ਕਮਿਸ਼ਨ ਦੁਆਰਾ ਧਾਰਾ 34 ਦੀ ਉਪ-ਧਾਰਾ (1) ਅਧੀਨ ਲੇਖਿਆਂ ਦਾ ਸਾਲਾਨਾ ਵਿਵਰਣ ਤਿਆਰ ਕੀਤਾ ਜਾਣਾ ਹੈ;

(ਹ) ਕੋਈ ਹੋਰ ਮਾਮਲਾ ਜੋ ਮੁਕੱਰਰ ਕੀਤਾ ਜਾਣਾ ਹੈ ਜਾਂ ਮੁਕੱਰਰ ਕੀਤਾ ਜਾਵੇ।

(3) ਇਸ ਐਕਟ ਅਧੀਨ ਬਣਾਇਆ ਹਰਿਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ ਜਿੰਨਾਂ ਛੇਤੀ ਹੋ ਸਕੇ, ਸੰਸਦ ਦੇ ਹਰੇਕ ਸਦਨ ਅੱਗੇ, ਜਦ ਉਹ ਇਜਲਾਸ ਵਿੱਚ ਹੈ, ਤੀਹ ਦਿਨ ਦੀ ਕੁੱਲ ਮੁੱਦਤ ਲਈ ਰੱਖਿਆ ਜਾਵੇਗਾ, ਜੋ ਇਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਉਪਰੋਕਤ ਇਜਲਾਸ ਜਾਂ ਕ੍ਰਮਵਰਤੀ ਇਜਲਾਸਾਂ ਤੋਂ ਤੁਰਤ ਮਗਰੋਂ ਹੋਣ ਵਾਲੇ ਇਜਲਾਸ ਦੇ ਗੁਜ਼ਰਨ ਤੋਂ ਪਹਿਲਾਂ, ਦੋਵੇਂ ਸਦਨ ਉਸ ਨਿਯਮ ਵਿੱਚ ਕੋਈ ਰੂਪ-ਭੇਦ ਕਰਨ ਲਈ ਸਹਿਮਤ ਹੋ ਜਾਂਦੇ ਹਨ, ਜਾਂ ਦੋਵੇਂ ਸਦਨ ਸਹਿਮਤ ਹੋ ਜਾਂਦੇ ਹਨ ਕਿ ਉਹ ਨਿਯਮ ਨ ਬਣਾਇਆ ਜਾਵੇ, ਤਾਂ ਉਹ ਨਿਯਮ, ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ, ਜਾਂ, ਜਿਹੀ ਕਿ ਸੂਰਤ ਹੋਵੇ, ਉਸ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ; ਐਪਰ ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਣ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਕਿਸੇ ਗੱਲ ਦੀ ਜਾਇਜ਼ਤਾ ਦੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਅਤੀਤਦਰਸ਼ੀ ਤੌਰ ਤੇ ਨਿਯਮ ਬਣਾਉਣ ਦੀ ਸ਼ਕਤੀ।

40 ੳ. ਧਾਰਾ 40 ਦੇ ਉਪ-ਧਾਰਾ (2) ਦੇ ਖੰਡ (ਅ) ਦੇ ਅਧੀਨ ਨਿਯਮ ਬਣਾਉਣ ਦੀ ਸ਼ਕਤੀ ਵਿਚ ਅਜਿਹੇ ਨਿਯਮ ਜਾਂ ਉਨ੍ਹਾਂ ਵਿਚੋ ਕੋਈ ਨਿਯਮ ਅਤੀਤਦਰਸ਼ੀ ਤੌਰ ਤੇ, ਕਿਸੇ ਅਜਿਹੀ ਤਰੀਕ ਤੋਂ ਬਣਾਉਣ ਦੀ ਸ਼ਕਤੀ ਵੀ ਸ਼ਾਮਲ ਹੋਵੇਗੀ ਜੋ ਉਸ ਤਰੀਕ ਤੋਂ ਪਹਿਲਾਂ ਦੀ ਨ ਹੋਵੇ ਜਿਸ ਨੂੰ ਇਸ ਅਧਿਨਿਯਮ ਨੂੰ ਰਾਸ਼ਟਰਪਤੀ ਦੀ ਅਨੁਮਤੀ ਪ੍ਰਾਪਤ ਹੋਈ ਸੀ, ਕਿੰਤੂ ਕਿਸੇ ਅਜਿਹੇ ਨਿਯਮ ਨੂੰ ਅਜਿਹਾ ਅਤੀਤਦਰਸ਼ੀ ਪ੍ਰਭਾਵ ਨਹੀਂ ਦਿਤਾ ਜਾਵੇਗਾ ਜਿਸ ਨਾਲ ਕਿਸੇ ਅਜਿਹੇ ਵਿਅਕਤੀ ਦੇ ਹਿਤਾਂ ਤੇ ਪ੍ਰਤਿਕੂਲ ਪ੍ਰਭਾਵ ਪੈਂਦਾ ਹੋਵੇ ਜਿਸ ਨੂੰ ਅਜਿਹਾ ਨਿਯਮ ਲਾਗੂ ਹੁੰਦਾ ਹੈ।

ਰਾਜ ਸਰਕਾਰ ਦੀ ਨਿਯਮ ਬਣਾਉਣ ਦੀ ਸ਼ਕਤੀ।

41. (1) ਰਾਜ ਸਰਕਾਰ, ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ, ਅਧਿਸੂਚਨਾ ਦੁਆਰਾ, ਨਿਯਮ ਬਣਾ ਸਕੇਗੀ।

(2) ਖਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮਾਂ ਵਿੱਚ ਹੇਠ-ਲਿਖੇ ਸੱਭ ਮਾਮਲਿਆਂ ਜਾਂ ਉਨ੍ਹਾਂ ਵਿੱਚੋਂ ਕਿਸੇ ਲਈ, ਉਪਬੰਧ ਕੀਤਾ ਜਾ ਸਕੇਗਾ, ਅਰਥਾਤ:-

(ੳ) ਧਾਰਾ 26 ਅਧੀਨ ਮੈਂਬਰਾਂ ਦੀਆਂ ਤਨਖ਼ਾਹਾਂ ਅਤੇ ਭੱਤੇ ਅਤੇ ਸੇਵਾ ਦੇ ਹੋਰ ਨਿਬੰਧਨ ਅਤੇ ਸ਼ਰਤਾਂ;

(ਅ) ਉਹ ਸ਼ਰਤਾਂ ਜਿਨ੍ਹਾਂ ਦੇ ਤਾਬੇ, ਹੋਰ ਪ੍ਰਸ਼ਾਸਨਿਕ, ਤਕਨੀਕੀ ਅਤੇ ਵਿਗਿਆਨਕ ਅਮਲਾ ਰਾਜ ਕਮਿਸ਼ਨ ਦੁਆਰਾ ਨਿਯੁਕਤ ਕੀਤਾ ਜਾ ਸਕੇਗਾ ਅਤੇ ਧਾਰਾ 27 ਦੀ ਉਪ-ਧਾਰਾ (3) ਅਧੀਨ ਅਫ਼ਸਰਾਂ ਅਤੇ ਹੋਰ ਅਮਲੇ ਦੀਆਂ ਤਨਖ਼ਾਹਾਂ ਅਤੇ ਭੱਤੇ;

(ੲ) ਉਹ ਫ਼ਾਰਮ, ਜਿਸ ਵਿੱਚ ਧਾਰਾ 35 ਦੀ ਉਪ-ਧਾਰਾ (1) ਅਧੀਨ ਲੇਖਿਆਂ ਦਾ ਸਾਲਾਨਾ ਵਿਵਰਣ ਤਿਆਰ ਕੀਤਾ ਜਾਣਾ ਹੈ।

(3) ਰਾਜ ਸਰਕਾਰ ਦੁਆਰਾ ਇਸ ਧਾਰਾ ਅਧੀਨ ਬਣਾਇਆ ਹਰਿਕ ਨਿਯਮ ਉਸ ਦੇ ਬਣਾਏ ਜਾਣ ਪਿੱਛੋਂ, ਜਿਨਾ ਛੇਤੀ ਹੋ ਸਕੇ, ਜਿੱਥੇ ਰਾਜ ਵਿਧਾਨ-ਮੰਡਲ ਦੇ ਦੋ ਸਦਨ ਹਨ, ਉੱਥੇ ਹਰੇਕ ਸਦਨ ਅੱਗੇ ਜਾਂ ਜਿੱਥੇ ਅਜਿਹੇ ਵਿਧਾਨ-ਮੰਡਲ ਦਾ ਇਕ ਸਦਨ ਹੈ, ਉੱਥੇ ਉਸ ਸਦਨ ਅੱਗੇ ਰੱਖਿਆ ਜਾਵੇਗਾ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

42. (1) ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਲਈ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਕੇਂਦਰੀ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਅਜਿਹੇ ਉਪਬੰਧ ਕਰ ਸਕੇਗੀ, ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨ ਹੋਣ ਅਤੇ ਜੋ ਉਸ ਕਠਨਾਈ ਨੂੰ ਦੂਰ ਕਰਨ ਲਈ ਉਸ ਨੂੰ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿੱਤ ਪ੍ਰਤੀਤ ਹੋਣ:

ਪਰੰਤੂ ਅਜਿਹਾ ਕੋਈ ਹੁਕਮ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਦੋ ਸਾਲ ਦੀ ਮੁਦੱਤ ਗੁਜ਼ਰਨ ਤੋਂ ਪਿੱਛੋਂ ਨਹੀ ਕੀਤਾ ਜਾਵੇਗਾ।

(2) ਇਸ ਧਾਰਾ ਅਧੀਨ ਕੀਤਾ ਹਰਿਕ ਹੁਕਮ, ਉਸ ਦੇ ਕੀਤੇ ਜਾਣ ਪਿੱਛੋਂ, ਜਿਨਾਂ ਛੇਤੀ ਹੋ ਸਕੇ, ਸੰਸਦ ਦੇ ਹਰੇਕ ਸਦਨ ਅੱਗੇ ਰੱਖਿਆ ਜਾਵੇਗਾ।

ਨਿਰਸਨ ਅਤੇ ਬਚਾਉ।

43. (1) ਇਸ ਦੁਆਰਾ 'ਦ ਪ੍ਰੋਟੈਕਸ਼ਨ ਔਫ਼ ਹਿਊਮਨ ਰਾਈਟਸ ਔਰਡਿਨੈਂਸ, 1993 ਨਿਰਸਤ ਕੀਤਾ ਜਾਂਦਾ ਹੈ। 1993 ਦਾ ਔਰਡੀਨੈਂਸ30

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਕਤ ਔਰਡਿਨੈਂਸ ਅਧੀਨ ਕੀਤੀ ਕੋਈ ਗੱਲ ਜਾਂ ਕੀਤੀ ਕੋਈ ਕਾਰਵਾਈ ਬਾਰੇ ਇਹ ਸਮਝਿਆ ਜਾਵੇਗਾ ਕਿ ਉਹ ਇਸ ਐਕਟ ਦੇ ਤਤਸਥਾਨੀ ਉਪਬੰਧਾਂ ਅਧੀਨ ਕੀਤੀ ਗਈ ਸੀ।